ਡਾ. ਹਰਕੇਸ਼ ਸਿੰਘ ਸਿੱਧੂ

# ਸਰਪੰਚ ਤੋਂ ਡੀ. ਸੀ. ਤੱਕ



**ਇਸੇ ਕਲਮ ਤੋਂ :**

1. ਪਿੰਡਾਂ ਵਿੱਚੋਂ ਪਿੰਡ ਸੁਣੀਂਦਾ – ਲੋਕ ਬੋਲੀਆਂ (ਮੌਲਿਕ ਰਚਨਾ)
2. ਸਾਚ ਕਹੋਂ – (ਗੱਦ ਰਚਨਾ)
3. ਮੱਸਿਆ ਦੀ ਖੀਰ – (ਗੱਦ ਰਚਨਾ)
4. ਵਕਤ ਦੀ ਬੇੜੀ – (ਗੱਦ ਰਚਨਾ)
5. ਮੇਰੇ ਸੁਪਨੇ ਮੇਰੇ ਗੀਤ – (ਗੀਤ ਅਤੇ ਕਵਿਤਾਵਾਂ)

# ਸਰਪੰਚ ਤੋਂ ਡੀ. ਸੀ. ਤੱਕ

(ਸਵੈ-ਜੀਵਨੀ)

ਡਾ. ਹਰਕੇਸ਼ ਸਿੰਘ ਸਿੱਧੂ

ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

# Sarpanch ton D.C. Tak

(Autobiography)

by

**Dr. Harkesh Singh Sidhu**

*# 6, Phulkian Enclave, Jail Road, Patiala.*

*Mob.: 98140-53272*

*Email: Harrkesh123@gmail.com*

**ISBN : 978-81-973657-5-1**

**Edition 2024**

**© Author**

Published by

**Saptrishi Publication**

Plot No. 25/6, Industrial Area, Phase-2,


Near Tribune Chowk, Chandigarh.

E-mail-: sapatrishi94@gmail.com

**Visit us at : www.saptrishipublication.com**

94638-36591, 77174-65715

*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher and Author.*



ਮੇਰੇ ਸਤਿਕਾਰਯੋਗ ਨਾਨਾ ਸ਼੍ਰੀ ਹਰੀ ਨੰਦ ਸਿੰਘ ਜੀ, ਜਿਨ੍ਹਾਂ ਦੀ ਪਰਵਰਿਸ਼, ਦੇਖ ਭਾਲ ਨਿਗਰਾਨੀ ਅਤੇ ਹਿਫਾਜ਼ਤ ਵਿਚ ਮੇਰਾ ਬਚਪਨ, ਅੱਲੜ੍ਹ ਉਮਰ ਅਤੇ ਜੁਆਨੀ ਦਾ ਪਹਿਲਾ ਭਾਗ ਗੁਜ਼ਰਿਆ, ਮੈਂ ਉਹਨਾਂ ਤੋਂ ਬਹੁਤ ਕੁਝ ਸਿੱਖਿਆ ਪ੍ਰੇਨਾ ਅਤੇ ਮਾਰਗ ਦਰਸ਼ਨ ਲਿਆ। ਉਹ ਉੱਚੇ-ਸੁੱਚੇ ਕਿਰਦਾਰ ਦੇ ਮਾਲਕ ਕਿਰਤ ਕਰਨ ਵਾਲੇ ਪੇਂਡੂ ਸੁਭਾਅ ਅਤੇ ਸ਼ੈਲੀ ਦੇ ਸਵਾਮੀ ਸਨ। ਬਚਪਨ ਵਿਚ ਮੇਰੇ ਦਾਦਾ ਜੀ ਅਤੇ ਪਿਤਾ ਜੀ ਦਾ ਸਾਇਆ ਸਾਡੇ ਸਿਰ ਤੋਂ ਉੱਠ ਗਿਆ ਸੀ, ਜਿਸ ਕਰਕੇ ਨਾਨਕਾ ਪਿੰਡ ਸੰਗਤੀਵਾਲਾ, ਜ਼ਿਲ੍ਹਾ ਸੰਗਰੂਰ ਵਿਚ ਮੁਢਲਾ ਜੀਵਨ ਗੁਜ਼ਾਰਿਆ। ਨਾਨਾ ਜੀ ਦੀ ਸੰਗਤ ਅਤੇ ਪ੍ਰੇਨਾ ਸਦਕਾ ਹੀ ਮੈਂ ਮੀਟ ਸ਼ਰਾਬ ਅਤੇ ਹੋਰ ਅਲਾਹਮਤਾਂ ਤੋਂ ਬਚ ਸਕਿਆ। ਉਹਨਾਂ ਦੇ ਨੈਤਿਕ ਪੱਧਰ ਉੱਚਾ-ਸੁੱਚਾ ਰੱਖਣ ਵਿਚ ਅਤੇ ਰਿਸ਼ਵਤ ਖੋਰੀ ਦੇ ਖਿਲਾਫ ਮੈਨੂੰ ਪ੍ਰੇਰਿਤ ਕੀਤਾ। ਮੈਂ ਆਪਣੀ ਜ਼ਿੰਦਗੀ ਦੀਆਂ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ ਉਹਨਾਂ ਦੇ ਨਾਮ ਕਰਦਾ ਹੋਇਆ ਇਹ ਕਿਤਾਬ ਉਹਨਾਂ ਦੀ ਸੱਚੀ-ਸੁੱਚੀ ਯਾਦ ਨੂੰ ਸਮਰਪਣ ਕਰਦਾ ਹਾਂ।

# ਬਾਇਓਡਾਟਾ

| | |
|---|---|
| ਨਾਮ | ਡਾ. ਹਰਕੇਸ਼ ਸਿੰਘ ਸਿੱਧੂ, ਆਈ. ਏ. ਐੱਸ.। |
| ਜਨਮ ਮਿਤੀ | 15.01.1954 |
| ਪਤਾ | # 6, ਫੂਲਕੀਆਂ ਇਨਕਲੇਵ, ਪਟਿਆਲਾ, ਮੋ. – 98140–53272 |
| | Email – Harrkesh123@gmail.com |
| 1959 ਤੋਂ 1964 | ਵਿਦਿਅਕ ਜੀਵਨ: ਸਰਕਾਰੀ ਪ੍ਰਾਇਮਰੀ ਸਕੂਲ, ਸੰਗਤੀਵਾਲਾ – ਪ੍ਰਾਇਮਰੀ ਤੱਕ |
| 1968 | ਸੱਤਵੀਂ, ਅੱਠਵੀਂ–ਇੱਕ ਸਾਲ ਵਿੱਚ ਦੋ ਜਮਾਤਾਂ |
| 1969 | 10 ਵੀਂ, (ਪ੍ਰਾਈਵੇਟ) |
| 1970 | ਗਿਆਨੀ ਪਾਸ ਕੀਤੀ |
| 1972–76 | ਪੀ. ਏ. ਡੀ. ਬੀ. (ਬੈਂਕ), ਸੁਨਾਮ ਦੀ ਨੌਕਰੀ। |
| | ਬੀ ਏ ਆਨਰਜ਼ ਕੀਤੀ (ਵਾਇਆ ਬਠਿੰਡਾ) |
| | ਐੱਮ. ਏ. ਧਰਮ ਅਧਿਐਨ. ਪੀਐੱਚ. ਡੀ. (ਗੁਰਮੱਤ ਵਿੱਚ ਕਲਿਆਣਕਾਰੀ ਰਾਜ ਦਾ ਸਿਧਾਂਤ) |
| 1977–78 | ਐੱਲ. ਐੱਲ. ਬੀ., ਪ੍ਰਧਾਨ ਵਿਦਿਆਰਥੀ ਯੂਨੀਅਨ। ਕਾਨੂੰਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ |
| 1979–81 | ਏ. ਡੀ. ਏ. (ਸਰਕਾਰੀ ਵਕੀਲ) ਫਰੀਦਕੋਟ, ਮੋਗਾ, ਬੱਸੀ ਪਠਾਣਾ. |
| 1982–83 | ਪ੍ਰਧਾਨ, ਬਾਰ ਐਸੋਸ਼ੀਏਸ਼ਨ, ਸੁਨਾਮ (ਸਰਬ ਸੰਮਤੀ ਨਾਲ ਸੁਨਾਮ)। |
| 1983–86 | ਸਰਪੰਚ ਪਿੰਡ ਸੰਗਤੀਵਾਲ, ਜ਼ਿਲ੍ਹਾ ਸੰਗਰੂਰ (ਸਰਬ ਸੰਮਤੀ ਨਾਲ) । |
| 1983–86 | ਮਿਲਕ ਪਲਾਂਟ ਸੰਗਰੂਰ ਦਾ ਡਾਇਰੈਕਟਰ (ਸਰਬ ਸੰਮਤੀ ਨਾਲ)। |
| 1984–85 | ਜਰਨਲਿਜਮ ਦੀ ਪੋਸਟ ਗਰੇਜੂਏਟ ਡਿਗਰੀ ਕੀਤੀ |
| 1986 | ਪੀ. ਸੀ. ਐੱਸ. ਕਾਰਜਕਾਰੀ ਵਿੱਚ ਚੁਣੇ ਗਏ। |
| 1987–88 | ਜ਼ਿਲ੍ਹਾ ਸ਼ਿਕਾਇਤ ਅਫਸਰ, ਪਟਿਆਲਾ। |
| 1988–88 | ਜੀ. ਏ. ਟੂ ਡੀ. ਸੀ., ਪਟਿਆਲਾ। (ਸਹਾਇਕ ਕਮਿਸ਼ਨਰ) (ਜ) |
| 1989–90 | ਐੱਸ. ਡੀ. ਐੱਮ. ਖੰਨਾ। |
| 1990–94 | ਚੇਅਰਮੈਨ, ਇੰਪਰੂਵਮੈਂਟ ਟਰੱਸਟ ਅਤੇ ਡਿਪਟੀ ਡਾਇਰੈਕਟਰ, ਲੋਕਲ ਬਾਡੀਜ, ਪਟਿਆਲਾ। |

| | |
|---|---|
| 1995-96 | ਐਡਮਨਿਸਟਰੇਟਰ, ਪੁੱਡਾ, ਪਟਿਆਲਾ, ਬਠਿੰਡਾ ਅਤੇ ਮੋਹਾਲੀ। |
| 1996 | ਡਵੀਜਨਲ ਮੈਨੇਜਰ, ਪੰਜਾਬ ਰੋਡਵੇਜ਼, ਫਿਰੋਜ਼ਪੁਰ। |
| 1997 | ਏ. ਡੀ.ਸੀ. (ਵਿਕਾਸ, |
| 1998-99 | ਕਮਿਸ਼ਨਰ, ਮਿਊਂਸੀਪਲ ਕਾਰਪੋਰੇਸ਼ਨ, ਪਟਿਆਲਾ। |
| 1999-2000 | ਵਧੀਕ ਡਾਇਰੈਕਟਰ ਲੋਕ ਨਿਰਮਾਣ (ਪ੍ਰ) (ਭ.ਮ) |
| 1999-2001 | ਮੈਨੇਜਿੰਗ ਡਾਇਰੈਕਟਰ, ਪੀ.ਆਰ.ਟੀ.ਸੀ., ਪਟਿਆਲਾ। |
| 2001-02 | ਏ. ਸੀ. ਏ., ਪੁੱਡਾ, ਜਲੰਧਰ। |
| 2002-03 | ਏ. ਡੀ. ਸੀ., ਫਰੀਦਕੋਟ। |
| 2003-04 | ਐਡੀਸ਼ਨਲ ਸੈਕਟਰੀ, ਪਬਲਿਕ ਹੈਲਥ, ਮਾਲ |
| 2004 | ਐੱਸ. ਜੀ. ਪੀ. ਸੀ. ਦੀ ਚੋਣ ਲੜੀ (ਹਲਕਾ ਦਿੜਬਾ) ਤੋਂ |
| 2004-05 | ਵਿਸ਼ੇਸ਼ ਸਕੱਤਰ ਉਚੇਰੀ ਸਿੱਖਿਆ, ਡਾਇਰੈਕਰ ਭਾਸ਼ਾ ਵਿਭਾਗ ਪੰਜਾਬ |
| 2006-08 | ਐਡੀਸ਼ਨਲ ਕਮਿਸ਼ਨਰ (ਪ੍ਰਸ਼ਾਸਨ) ਅਬਕਾਰੀ ਤੇ ਕਰ |
| 2008 | ਕਮਿਸ਼ਨਰ ਨਗਰ ਨਿਗਮ, ਪਟਿਆਲਾ |
| 2009 | ਕਾਰਜਕਾਰੀ ਡਾਇਰੈਕਟਰ ਬੇਕਫਿੰਕੋ |
| 2009 | ਆਈ. ਏ. ਐੱਸ ਕੇਡਰ ਵਿਚ ਤਰੱਕੀ |
| 2009 | ਡੀ. ਸੀ. ਬਰਨਾਲਾ |
| 2010 – 2011 | ਡੀ. ਸੀ. ਸੰਗਰੂਰ |
| 2011 –2012 | ਡੀ. ਸੀ ਕਪੂਰਥਲਾ |
| 2012 – 2012 | ਡਾਇਰੈਕਟਰ ਫ਼ੂਡ ਸਪਲਾਈਜ਼, ਪੰਜਾਬ. |
| 2013 | ਵਧੀਕ ਡਾਇਰੈਕਟਰ ਮੈਗਸੀਪਾ |
| 2013 | ਲੇਬਰ ਕਮਿਸ਼ਨਰ, ਪੰਜਾਬ. |
| 2014 | 31 ਜਨਵਰੀ ਆਈ. ਏ. ਐੱਸ. ਸੇਵਾ ਮੁਕਤ |
| 2014 | ਫਰਵਰੀ ਆਮ ਆਦਮੀ ਪਾਰਟੀ 'ਚ ਸ਼ਮੂਲੀਅਤ |
| 2017 | ਆਮ ਆਦਮੀ ਪਾਰਟੀ ਤੋਂ ਅਸਤੀਫ਼ਾ |
| 2017 | ਟੀਮ ਅਗੇਂਸਟ ਕਰਪਸ਼ਨ ਜਥੇਬੰਦੀ (ਸਥਾਪਨਾ) |
| 2022 | ਕਿਰਤੀ ਕਿਸਾਨ ਗੈਰ ਸਿਆਸੀ ਫੋਰਮ 'ਚ ਸ਼ਾਮਲ |
| 2022 ਤੋਂ ਅੱਗੇ | ਸਮਾਜ ਸੇਵਾ ਲੋਕ ਜਾਗਰੂਕਤਾ ਦਾ ਕਾਰਜ ਜਾਰੀ |
| ਪੁਸਤਕ ਰਚਨਾ : | (1) ਪਿੰਡਾਂ ਵਿੱਚੋਂ ਪਿੰਡ ਸੁਣੀਦਾ (ਲੋਕ ਬੋਲੀਆਂ) |

(2) ਸਾਚ ਕਹੋਂ (ਗੱਦ ਰਚਨਾ)

(3) ਮੱਸਿਆ ਦੀ ਖੀਰ (ਗੱਦ ਰਚਨਾ)

(4) ਵਕਤ ਦੀ ਬੇੜੀ (ਗੱਦ ਰਚਨਾ)

(5) ਮੇਰੇ ਸੁਪਨੇ ਮੇਰੇ ਗੀਤ (ਕਾਵਿ-ਸੰਗ੍ਰਹਿ)

(6) ਸਰਪੰਚ ਤੋਂ ਡੀ. ਸੀ. ਤੱਕ (ਸਵੈ-ਜੀਵਨੀ) ਹਥਲੀ ਪੁਸਤਕ

ਸ਼ੌਕ ਅਤੇ ਰੁਚੀਆਂ : ਲਿਖਣਾ, ਪੜ੍ਹਨਾ, ਸਮਾਜ ਸੇਵਾ, ਰਾਜਨੀਤੀ ਵਿਚ ਦਿਲਚਸਪੀ

ਕਾਲਮ ਨਵੀਸੀ : ਅਜੀਤ ਵੀਕਲੀ (ਟੋਰਾਂਟੋ), ਪੰਜਾਬੀ ਟ੍ਰਿਬਿਊਨ, ਦੇਸ ਸੇਵਕ ਰੈਗੂਲਰ, ਰੋਜ਼ਾਨਾ ਅਜੀਤ ਜਲੰਧਰ।

ਯਾਤਰਾ : ਨੇਪਾਲ, ਸਿੰਘਾਪੁਰ, ਥਾਈਲੈਂਡ, ਅਮਰੀਕਾ, ਕੈਨੇਡਾ, ਇੰਗਲੈਂਡ, ਸਵਿਟਜ਼ਰਲੈਂਡ, ਜਰਮਨ, ਫਰਾਂਸ, ਡੁੱਬਈ, ਨੀਦਰਲੈਂਡ, ਨਾਰਵੇ ਫਿਨਲੈਂਡ ਸਵੀਡਨ ਲਕਸਬਰਗ, ਅਤੇ ਪਾਕਿਸਤਾਨ

ਗੈਰ ਸਰਕਾਰੀ ਸੰਸਥਾਵਾਂ ਦਾ ਮੁਖੀ :

ਚੇਅਰਮੈਨ, ਮਸਕਟ (ਮਾਲਵਾ ਆਰਟ ਸਪੋਰਟਸ ਐਂਡ ਕਲਚਰਲ ਐਂਡ ਐਜੂਕੇਸ਼ਨਲ ਟਰੱਸਟ)

" ਗਲੋਬਲ ਐਜੂਕੇਸ਼ਨ ਸੋਸਾਇਟੀ

" ਮਾਈਲ ਸਟੋਨ ਐਜੂਕੇਸ਼ਨ ਸੋਸਾਇਟੀ

" ਗਰੁੱਪ ਆਫ਼ ਮਾਈਲ ਸਟੋਨ ਸਮਾਰਟ ਸਕੂਲਜ਼

" ਸਾਹਿਤਕ ਮੈਗਜ਼ੀਨ-1998 ਤੋਂ ਸਥਾਪਤੀ (ਮਿੱਟੀ ਮਾਲਵੇ ਦੀ) 20 ਸਾਲ ਮਸਕਟ ਰਾਹੀਂ ਚਲਾਇਆ।

# ਤਤਕਰਾ


- ਅੰਕ-1 ਜ਼ਿੰਦਗੀ ਤੋਂ ਸਵੈ-ਜੀਵਨੀ ਵੱਲ 13
- ਅੰਕ-2 ਲਿਖਣ ਦੇ ਖ਼ਿਆਲ ਦੀ ਉਤਪਤੀ 16
- ਅੰਕ-3 ਜਨਮ ਅਤੇ ਖ਼ੂਨ ਦੇ ਕਤਰਿਆਂ ਦੀ ਵਿਰਾਸਤ 20
- ਅੰਕ-4 ਹਾਦਸਾ ਦਰ ਹਾਦਸਾ 22
- ਅੰਕ 5 ਸਾਈਕਲ ਦਾ ਪੰਗਾ 24
- ਅੰਕ 6 ਰੇਲ ਟਿਕਟ ਦੀ ਚੋਰੀ ਜਾਂ ਸੀਨਾ ਜ਼ੋਰੀ ! 28
- ਅੰਕ-7 ਖ਼ੁੰਦਕ ਨਾਲ਼ ਜਾਗ ਲੱਗਣੀ 30
- ਅੰਕ 8 ਪੁਆੜਾ ਭਰਿੰਡ ਦਾ 34
- ਅੰਕ-9 ਜ਼ਿੰਦਗੀ ਦਾ ਕੂਹਣੀ ਮੋੜ 37
- ਅੰਕ-10 ਪਲੇਠੀ ਨੌਕਰੀ ਅਤੇ ਪੜ੍ਹਾਈ 40
- ਅੰਕ 11 ਵਿਦਿਆਰਥੀ ਜੀਵਨ ਘੋਲ 42
- ਅੰਕ-12 ਰੈਫਰੈਂਡਮ ਦੀ ਚਾਲ 49
- ਅੰਕ-13 ਬੈਂਕ ਦੀ ਨੌਕਰੀ ਛੁੱਟ ਗਈ 52
- ਅੰਕ 14 ਗੁਰੂਦੁਆਰੇ ਦਾ ਗ੍ਰੰਥੀ 56
- ਅੰਕ 15 ਨੇਪਾਲ ਦਾ ਵਿਦਿਆਰਥੀ ਟੂਰ 60
- ਅੰਕ 16 ਸਰਕਾਰੀ ਵਕੀਲ ਦੀ ਨੌਕਰੀ 64
- ਅੰਕ 17 ਪੁਲਿਸ ਰਿਮਾਂਡ 1980 66
- ਅੰਕ 18 ਅਜਨਬੀ ਮੁਸਾਫ਼ਿਰ 70
- ਅੰਕ 19 ਜੱਜ ਨੂੰ ਸੁਆਲ 74
- ਅੰਕ-20 ਤੁਰਲੀ ਮਾਸਟਰ 77
- ਅੰਕ 21 ਜਦੋਂ ਮੈਂ ਦੋ ਵਾਰ ਜੱਜ ਬਣਨੋ ਰਹਿ ਗਿਆ 81
- ਅੰਕ 22 ਸਰਪੰਚੀ ਦੇ ਪੰਗੇ 84
- ਅੰਕ-23 ਪੁਲਸੀਏ 88
- ਅੰਕ 24 ਟਿੱਬਿਆਂ ਦਾ ਰੇਤਾ ਤੇ ਕਿੱਕਰਾਂ ਦੇ ਤੁੱਕੇ 91
- ਅੰਕ 25 ਮੋਟੀ ਚਮੜੀ ਦੇ ਲੋਕ 94
- ਅੰਕ 26 ਪੰਜਾਬ ਰੋਡਵੇਜ਼ ਵਿਚ ਸਿਲੈਕਸ਼ਨ 99
- ਅੰਕ 27 ਚੁੰਘੀ ਬੱਕਰੀ, ਲਿਖਾਤਾ ਡਾਕਾ 101

- ਅੰਕ-28 ਨਿੰਬੂ ਦਾ ਬੂਟਾ 106
- ਅੰਕ 29 ਮਜਨੂੰਆਂ ਦਾ ਪਦਾਰਥਵਾਦੀ ਆਦਰਸ਼ਵਾਦ 111
- ਅੰਕ 30 ਪੀ. ਸੀ. ਐਸ. ਦੀ ਇੰਟਰਵਿਊ-ਸਲੈਕਸ਼ਨ 116
- ਅੰਕ 31 ਡੇਰਾ ਖੇੜੀ ਨਾਗਾ ਦਾ ਸਾਕਾ 122
- ਅੰਕ 32 ਨਿਆਣਿਆਂ ਦੀ ਵੰਡ 125
- ਅੰਕ 33 ਕਾਲੀ ਦੇਵੀ ਦੇ ਮੰਦਿਰ ਦੇ ਚੜ੍ਹਾਵੇ ਦੀ ਗਿਣਤੀ 129
- ਅੰਕ 34 ਵਿਗੜੇ ਹੋਏ ਕਾਕੇ 133
- ਅੰਕ 35 ਜਾਂਦੇ ਚੋਰ ਦੀ ਪੱਗ ਸਹੀ 138
- ਅੰਕ 36 ਛਿੱਤਰ ਪਰੇਡ 142
- ਅੰਕ 37 ਲਾਸ਼ਾਂ ਦੀ ਭਾਲ 146
- ਅੰਕ 38 ਕਾਲਜੀਏਟ 152
- ਅੰਕ 39 ਨੈਸ਼ਨਲ ਗੇਮਜ਼ 1988 ਦਾ ਅਭੁੱਲ ਹਾਦਸਾ 156
- ਅੰਕ 40 ਗਵਰਨਰ ਦਾ ਦੌਰਾ 158
- ਅੰਕ-41 ਟਾਂਗਰੀ ਨਦੀ ਦੇ ਨੱਕੇ ਦੀ ਗਾਥਾ 162
- ਅੰਕ 42 ਅਫ਼ਸਰਸ਼ਾਹੀ ਦਾ ਰੋਲ 168
- ਅੰਕ-43 ਚੂਹੇ ਅਤੇ ਬਿੱਲੀਆਂ 173
- ਅੰਕ-44 ਖੁਦਕੁਸ਼ੀ ਕਿਸੇ ਮਸਲੇ ਦਾ ਹੱਲ ਨਹੀਂ 178
- ਅੰਕ-45 ਐਸ. ਡੀ. ਐਮ. ਖੰਨਾ ਲਗਣਾ 181
- ਅੰਕ-46 ਨਵਾਬਜ਼ਾਦਾ 184
- ਅੰਕ-47 ਸਰਕਾਰੀ ਕੰਮਾਂ ਲਈ ਇੱਟਾਂ 187
- ਅੰਕ-48 ਖੰਨੇ ਤੋਂ ਬਦਲੀ ਹੋਈ 191
- ਅੰਕ-49 ਸੂਲਰ ਡੇਰੇ ਦੀ ਜ਼ਮੀਨ ਦਾ ਸਕੈਂਡਲ 193
- ਅੰਕ 50 ਸੁਨਿਆਰ ਦੀ ਟੱਕ ਟੱਕ ਲੁਹਾਰ ਦੀ ਇੱਕ ਸੱਟ 195
- ਅੰਕ-51 ਸ਼ਗਨ ਦਾ ਹਿੱਸਾ 198
- ਅੰਕ-52 ਵਿਚੋਲਾ ਜਾਂ ਬੈਂਕ ਮੈਨੇਜਰ 201
- ਅੰਕ-53 1991 ਦੀਆਂ ਵਿਧਾਨ ਸਭਾ ਚੋਣਾਂ ਦਾ ਗਰਭਪਾਤ 204
- ਅੰਕ-54 ਸਥਾਨਕ ਸਰਕਾਰਾਂ ਵਿੱਚ ਲੇਲੇ ਅਤੇ ਬਘਿਆੜਾਂ ਦੇ ਕਿੱਸੇ 207
- ਅੰਕ-55 ਐਸ. ਕੇ. ਨਾਇਕ ਪ੍ਰਿੰਸੀਪਲ ਸਕੱਤਰ, ਸਥਾਨਕ ਸਰਕਾਰ ਵੱਲੋਂ ਦੁਰ ਵਿਵਹਾਰ 210
- ਅੰਕ-56 ਜਦੋਂ ਮੈਂ ਦਿੱਲੀ ਦੇ ਠੱਗਾਂ ਤੋਂ ਡਰ ਗਿਆ 213
- ਅੰਕ-57 ਐਮ.ਪੀ. ਲੈਂਡ ਦੀ ਗ੍ਰਾਂਟ-ਵੰਡ ਦਾ ਮਸਲਾ 216

- ਅੰਕ-58 ਪੀਐੱਚ. ਡੀ. ਕਰਨ ਦੀ ਦਾਸਤਾਨ 219
- ਅੰਕ-59 ਨਗਰ ਨਿਗਮ ਪਟਿਆਲਾ ਦਾ ਕਮਿਸ਼ਨਰ ਲੱਗਣਾ 224
- ਅੰਕ-60 ਨਜ਼ਰ ਟੈਸਟ ਕਰਨ ਵਾਲੀ ਮਸ਼ੀਨ ਦੀ ਚੂੰਗੀ ਚੋਰੀ ਫੜਨ ਦਾ ਜੱਭ 230
- ਅੰਕ-61 ਅੱਠ ਸੌ ਚਾਲੀ ਨੰਬਰ ਦੀ ਚਲਾਕੀ 233
- ਅੰਕ-62 ਬਾਦਲ, ਟੌਹੜਾ ਦੀ ਫੁੱਟ ਅਤੇ ਮੇਰੀ ਬਦਲੀ 238
- ਅੰਕ-63 ਡੀ. ਸੀ. ਤੇ ਡਵੀਜ਼ਨਲ ਕਮਿਸ਼ਨਰ ਵੱਲੋਂ ਨਜਾਇਜ਼ ਦਖਲਅੰਦਾਜ਼ੀ 241
- ਅੰਕ-64 ਐੱਮ. ਐੱਲ. ਏ. ਦੇ ਰਿਸ਼ਤੇਦਾਰ ਐਕਸੀਅਨ ਵੱਲੋਂ ਗ਼ਬਨ 244
- ਅੰਕ-65 ਸਹਿਕਾਰੀ ਖ਼ੇਤੀ ਦੇ ਸੰਕਲਪ ਦਾ ਸੁਪਨਾ 247
- ਅੰਕ-66 ਪੀ. ਆਰ. ਟੀ. ਸੀ. ਬਨਾਮ ਨਗਰ ਨਿਗਮ 251
- ਅੰਕ-67 ਪੀ. ਆਰ. ਟੀ. ਸੀ. ਬਨਾਮ ਪ੍ਰਾਈਵੇਟ ਟਰਾਂਸਪੋਰਟ 254
- ਅੰਕ-68 ਫਰੀਦਕੋਟ ਬਤੌਰ ਏ. ਡੀ. ਸੀ. ਲੱਗਣਾ 256
- ਅੰਕ 69 ਪੀ. ਆਰ. ਟੀ. ਸੀ. ਵਿੱਚ ਭਰਤੀ ਦਾ ਮਸਲਾ 260
- ਅੰਕ-70 ਫਰੀਦਕੋਟ ਦੀਆਂ ਯਾਦਾਂ 263
- ਅੰਕ-71 ਅੰਬਾਂ ਦੀਆਂ ਗੁਠਲੀਆਂ 266
- ਅੰਕ-72 ਮੁੱਖ ਮੰਤਰੀ ਵਲੋਂ ਚੋਣ ਮਦਦ ਲਈ ਬੁਲਾਵਾ 270
- ਅੰਕ-73 ਐੱਸ. ਜੀ. ਪੀ. ਸੀ. ਚੋਣ ਦਾ ਇੱਕ ਤਲਖ਼ ਤਜਰਬਾ 272
- ਅੰਕ-74 ਸੈਕਟਰੀਏਟ ਵਿਚ ਬਦਲੀਆਂ 275
- ਅੰਕ-75 ਡਾਇਰੈਕਟਰ ਭਾਸ਼ਾ ਵਿਭਾਗ ਤੇ ਸਪੈਸ਼ਲ ਸਕੱਤਰ ਉਚੇਰੀ ਸਿੱਖਿਆ ਲੱਗਣਾ 277
- ਅੰਕ-76 ਸਿਆਸਤ ਦੀ ਖੇਡ ਦੇ ਅਸੂਲ 279
- ਅੰਕ 77 ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਦਾ ਜਨਮ 281
- ਅੰਕ-78 ਪੈਂਤੜੇਬਾਜ਼ੀ 284
- ਅੰਕ-79 ਸੂਚਨਾ ਪ੍ਰਣਾਲੀ ਐਕਟ, ਪੈੜਾਂ ਤੇ ਪੁਆੜੇ 287
- ਅੰਕ-80 ਟੈਕਸ ਚੋਰ ਜਾਂ ਕੁਝ ਹੋਰ 293
- ਅੰਕ-81 ਖੋਦਿਆ ਪਹਾੜ ਨਿਕਲਿਆ ਚੂਹਾ 296
- ਅੰਕ-82 ਬਰਾਤ 'ਚ ਗਏ ਨੇ ਵੀ ਟੈਕਸ ਚੋਰ ਫੜੇ 303
- ਅੰਕ-83 ਹਾਲੈਂਡ 'ਚ ਘਰ ਭੁੱਲ ਜਾਣ ਦੀ ਵਿਥਿਆ 307
- ਅੰਕ-84 ਅਮਰੀਕਨ ਜੱਟਾਂ ਦੀ ਦਾਵਤ 315
- ਅੰਕ-85 ਸੰਤ ਸਿਪਾਹੀ 318
- ਅੰਕ-86 ਕਹਿਣੀ ਅਤੇ ਕਰਨੀ 323
- ਅੰਕ-87 ਭਰੂਣ ਹੱਤਿਆ - ਜਾ ਕੋ ਰਾਖੈ ਸਾਈਆਂ ਮਾਰ ਸਕੇ ਨਾ ਕੋਇ 329

- ਅੰਕ-88 ਬਤੌਰ ਡੀ. ਸੀ. ਬਰਨਾਲਾ, ਪਹਿਲਾ ਦਿਨ 10 ਜੂਨ 336
- ਅੰਕ-89 ਬਰਨਾਲਾ ਜ਼ਿਲ੍ਹੇ ਵਿੱਚ ਸੀ. ਐਮ. ਦਾ ਗ਼ੈਰ-ਰਸਮੀ ਦੌਰਾ (2009) 338
- ਅੰਕ-90 ਬਰਨਾਲੇ ਦੀਆਂ ਅਭੁੱਲ ਯਾਦਾਂ! ਸੂਦ ਅਰਜ਼ੀ ਨਵੀਜ਼ ਨੂੰ ਹੇਰਾ ਫੇਰੀ ਦੀ ਸਜ਼ਾ 340
- ਅੰਕ-91 ਅੱਠ ਡਾਕਟਰਾਂ ਦੀ ਮਾਂ ਦੀ ਅਨੋਖੀ ਕਹਾਣੀ 342
- ਅੰਕ-92 ਮਲਕੀਤ ਕੀਤੂ ਹਲਕਾ ਇੰਚਾਰਜ ਦੀ ਦਖ਼ਲ ਅੰਦਾਜ਼ੀ 344
- ਅੰਕ-93 ਡੀ. ਸੀ. ਦੀ ਰਸੋਈ ਦਾ ਖ਼ਰਚਾ 346
- ਅੰਕ-94 ਸਾਬਕਾ ਮੰਤਰੀ ਦਾ ਮੁੰਡਾ, ਰਿਸ਼ਵਤ ਲੈਂਦਾ ਫੜਿਆ ਜਾਣਾ 348
- ਅੰਕ-95 ਮਾਲ ਅਧਿਕਾਰੀਆਂ ਦੇ ਚੱਭਾ-ਡਿੱਕੇ 351
- ਅੰਕ-96 ਮੂਨਕ ਖਨੌਰੀ ਖੇਤਰ ਵਿਚ ਹੜ੍ਹਾਂ ਦੀ ਮਾਰ ਅਤੇ ਸਿਆਸੀ ਕਿੜ੍ਹਾਂ 354
- ਅੰਕ-97 ਸ਼ਾਹਪੁਰ ਕਲਾਂ ਦੇ ਕਿਸਾਨ ਦੀ ਜ਼ਮੀਨ ਸ਼ਾਹੂਕਾਰ ਤੋਂ ਵਾਪਿਸ ਕਰਾਉਣੀ 358
- ਅੰਕ-98 ਬਨਭੌਰਾ, ਮਾਸਟਰਾਂ ਦਾ ਪਿੰਡ, ਡੀ. ਸੀ. ਦਾ ਦੌਰਾ 361
- ਅੰਕ-99 ਡੀ. ਸੀ. ਦੇ ਮਾਮੇ ਦਾ ਗਿਰਦਾਵਰੀ ਕੇਸ 364
- ਅੰਕ-100 ਘੱਗਰ ਦੇ ਬੰਨ੍ਹ ਦੀ ਰਾਖੀ 366
- ਅੰਕ-101 ਮੁੱਖ ਮੰਤਰੀ ਦੇ ਲਿਖਤੀ ਹੁਕਮ ਰੱਦ ਕਰਨੇ, ਦਲੇਰੀ ਜਾਂ ਮੂਰਖਤਾ? 369
- ਅੰਕ-102 ਲੌਂਗੋਵਾਲ ਦੀ ਨੰਬਰਦਾਰੀ ਦਾ ਕੇਸ 373
- ਅੰਕ-103 ਡੀ. ਸੀ. ਜਾਂ ਹੋਮ ਗਾਰਡੀਆ 377
- ਅੰਕ-104 ਸਰਕਾਰੀ ਗੋਦਾਮ 'ਚੋਂ ਕਣਕ ਚੋਰੀ ਦਾ ਮਸਲਾ 378
- ਅੰਕ-105 ਮਹਿਮਾਨ ਦਾ ਭਾਸ਼ਣ 380
- ਅੰਕ-106 ਮੰਤਰੀਆਂ ਨਾਲ ਆਢੇ 383
- ਅੰਕ-107 ਸੰਗਰੂਰ ਨਾਲ ਮੇਰਾ ਮੋਹ 390
- ਅੰਕ-108 ਡੀ. ਸੀ. ਦੀ ਸੁਆਗਤੀ ਅਤੇ ਵਿਦਾਇਗੀ ਪਾਰਟੀ, ਸੰਗਰੂਰ 393
- ਅੰਕ-109 ਤਾਜ ਹੋਟਲ 'ਚ ਸ਼ਾਦੀ ਸਮਾਗਮ 396
- ਅੰਕ-110 ਡਾ. ਏ. ਐਸ. ਛਤਵਾਲ ਨਾਲ਼ ਅਭੁੱਲ ਯਾਦਾਂ 399
- ਅੰਕ-111 ਮੁੱਖ ਸਕੱਤਰ ਸ੍ਰੀ ਐਸ.ਸੀ. ਅਗਰਵਾਲ ਵੱਲੋਂ ਮੇਰੇ ਜ਼ਿਲ੍ਹੇ ਸੰਗਰੂਰ ਅਤੇ ਕਪੂਰਥਲੇ ਦਾ ਦੌਰਾ 2010-2011 405
- ਅੰਕ-112 ਜੱਜਾਂ ਨਾਲ ਪਰਸਪਰ ਸੰਬੰਧ 407
- ਅੰਕ-113 ਕਪੂਰਥਲੇ ਰੈੱਡ ਕਰਾਸ ਸੁਸਾਇਟੀ ਲਈ ਨਵੀਂ ਇਨੋਵਾ ਕਾਰ ਖਰੀਦਣ ਦਾ ਪੰਗਾ 410
- ਅੰਕ-114 ਸ਼ੇਖ਼ਚਿਲੀ ਦੇ ਸੁਪਨੇ 415
- ਅੰਕ-115 ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਧਾਰਮਿਕ ਤੇ ਨੈਤਿਕ ਪ੍ਰਭਾਵ 418

## ਅੰਕ-1
# ਜ਼ਿੰਦਗੀ ਤੋਂ ਸਵੈ-ਜੀਵਨੀ ਵੱਲ

ਅਸੀਂ ਰੋਹੀ ਦੇ ਫੁੱਲ ਔੜਾਂ ਵਿੱਚ ਉੱਗੇ, ਮਾਲੀ ਗੁੱਡਿਆ ਨਾ ਪਾਣੀ ਲਾਇਆ ਹੂ।
ਅਸੀਂ ਮੱਝੀਆਂ ਵੀ ਚਾਰਨ ਜਾਂਦੇ ਰਹੇ, ਨਾ ਕਿਸੇ ਹੀਰ ਨੇ ਹੱਥ ਵਟਾਇਆ ਹੂ।

ਜਨਮ ਤੋਂ ਮੌਤ ਦੇ ਫ਼ਾਸਲੇ ਨੂੰ ਜ਼ਿੰਦਗੀ ਕਿਹਾ ਜਾਂਦੈ। ਸੰਪੂਰਨ ਜ਼ਿੰਦਗੀ ਦੇ ਅੱਗੇ ਚਾਰ ਪੜਾਅ ਮੰਨੇ ਜਾਂਦੇ ਨੇ; ਬਚਪਨ, ਜੁਆਨੀ, ਪ੍ਰੌੜ ਅਵਸਥਾ ਅਤੇ ਬੁਢਾਪਾ।

ਇਹ ਵੀ ਸਾਰੇ ਲੋਕਾਂ ਨੂੰ ਨਸੀਬ ਨਹੀਂ ਹੁੰਦੇ। ਕਈ ਬਚਪਨ, ਕਈ ਜੁਆਨੀ ਤੇ ਕਈ ਪ੍ਰੌੜ ਅਵਸਥਾ ਵਿੱਚ ਹੀ ਅੱਧਵਾਟੇ ਛੱਡ ਕੇ ਸਫ਼ਰ ਪੂਰਾ ਕਰ ਜਾਂਦੇ ਨੇ।

ਕਈ ਜ਼ਿੰਦਗੀ ਨੂੰ ਉਮਰਾਂ ਨਾਲ਼ ਕਈ ਮੀਲਾਂ ਨਾਲ਼, ਕੁੱਝ ਦੌਲਤ ਨਾਲ਼ ਤੇ ਕੁੱਝ ਰੁਤਬਿਆਂ ਨਾਲ਼ ਮਿਣਦੇ ਨੇ।

ਸਿਕੰਦਰ 33 ਸਾਲ ਦਾ ਦੁਨੀਆ ਫਤਿਹ ਕਰ ਖ਼ੁਦ ਚੜ੍ਹਾਈ ਕਰ ਗਿਆ ਸੀ। ਸ਼ਿਵ ਕੁਮਾਰ ਬਟਾਲਵੀ ਵੀ ਇਹ ਲਿਖਦਾ ਹੋਇਆ;

"ਅਸਾਂ ਤਾਂ ਜੋਬਨ ਰੁੱਤੇ ਮਰਨਾ,
ਜੋਬਨ ਰੁੱਤੇ ਜੋ ਵੀ ਮਰਦਾ,
ਫੁੱਲ ਬਣੇ ਜਾਂ ਤਾਰਾ।
ਜੋਬਨ ਰੁੱਤੇ ਆਸ਼ਕ ਮਰਦੇ,
ਜਾਂ ਕੋਈ ਕਰਮਾਂ ਵਾਲਾ।"

ਜੋਬਨ ਰੁੱਤੇ ਮਰ ਕੇ ਸ਼ਿਵ ਨੂੰ ਬਿਰਹਾ ਦੀ ਪੀੜ ਨੇ ਅਮਰ ਕਰ ਦਿੱਤਾ।

ਆਦਰਸ਼ਹੀਣ ਜ਼ਿੰਦਗੀ ਭੇਡ ਵਾਂਗ ਸੌ ਸਾਲ ਜਿਉਣ ਨਾਲੋਂ ਸ਼ੇਰ ਵਾਂਗ ਦਸ ਸਾਲ ਜਿਉਣੀ ਵੀ ਕਿਸੇ ਅਰਥ ਲੱਗ ਜਾਂਦੀ ਐ।

ਕਈ ਲੋਕ ਜੰਮਣ ਵੇਲੇ ਚਾਂਦੀ ਦਾ ਚਮਚਾ ਮੂੰਹ 'ਚ ਲੈ ਕੇ ਜੰਮੇ ਹੁੰਦੇ ਨੇ ਜਿਹਨਾਂ ਦਾ ਪਾਲਣ ਪੋਸ਼ਣ ਅਮੀਰਜ਼ਾਦਿਆਂ ਵਰਗਾ ਹੁੰਦੈ। ਕੁੱਝ ਲੋਕ ਕੱਖਾਂ ਕਾਨਿਆਂ ਦੀ ਝੁੱਗੀ 'ਚ ਜੰਮਦੇ ਨੇ।

ਕਈ ਵਾਰੀ ਚਾਂਦੀ ਦੇ ਚਮਚੇ ਮੂੰਹ ਵਿੱਚ ਲੈ ਕੇ ਜੰਮੇ ਬੱਚੇ ਜ਼ਿੰਦਗੀ ਦੇ ਅਗਲੇ ਪੜਾਵਾਂ 'ਤੇ ਪਛੜ ਜਾਂਦੇ ਨੇ ਤੇ ਕੱਖਾਂ ਕਾਨਿਆਂ ਦੀ ਝੁੱਗੀ 'ਚ ਜੰਮੇ ਜ਼ਿੰਦਗੀ 'ਚ ਵੱਡੀਆਂ ਮੱਲਾਂ ਮਾਰ ਜਾਂਦੇ ਨੇ। ਇਸੇ ਨੂੰ ਹੋਣੀ ਤੇ ਕਿਸਮਤ ਦੇ ਰੰਗ ਕਿਹਾ ਜਾਂਦੈ। ਬਚਪਨ ਜੁਆਨੀ ਅਤੇ ਬੁਢਾਪਾ ਇੱਕੋ ਸਮਾਨ ਕਿਸੇ ਟਾਂਵੇਂ-ਵਿਰਲੇ ਦੇ ਹਿੱਸੇ ਆਉਂਦਾ ਹੈ। ਜ਼ਿੰਦਗੀ ਦੁੱਖਾਂ ਸੁੱਖਾਂ ਦਾ ਮਿੱਸਾ ਅਨੁਪਾਤ ਹੁੰਦੀ ਐ।

ਸਾਧੂ ਦਯਾ ਸਿੰਘ ਆਰਿਫ਼ ਨੇ "ਜ਼ਿੰਦਗੀ ਬਿਲਾਸ" ਨਾਮੀ ਕਿੱਸੇ 'ਚ ਇੱਕ ਥਾਂ ਲਿਖਿਆ ਹੈ;

ਦਯਾ ਸਿੰਘ ਨੀ ਜਗਤ 'ਤੇ ਹੋਇਆ ਕੋਈ,
ਜੀਹਦਾ ਆਦਿ ਅੰਤ ਤੇ ਮੱਧ ਸਮਾਨ ਹੋਵੇ।

ਮੇਰੀ ਜ਼ਿੰਦਗੀ ਫੁੱਲਾਂ ਦੀ ਸੇਜ ਨਹੀਂ ਰਹੀ ਪਰ ਨਾ ਹੀ ਕੰਡਿਆਂ ਦਾ ਤਾਜ। ਹਾਂ ਦੋਵਾਂ ਦਾ ਮਿਲਗੋਭਾ ਜ਼ਰੂਰ ਹੰਢਾਇਆ। ਜੀਵਨ ਦੇ ਹਰ ਪੜਾਅ ਨੂੰ ਆਪਣੀ ਮਰਜ਼ੀ ਤੇ ਅਣਖ਼ ਨਾਲ਼ ਜਿਉਣ ਦਾ ਸਬੱਬ ਬਣਦਾ ਰਿਹਾ। ਸਿਆਣੇ ਕਹਿੰਦੇ ਨੇ ਸਵਰਗਾਂ ਦੀ ਗੁਲਾਮੀ ਨਾਲੋਂ ਨਰਕਾਂ ਦੀ ਅਜ਼ਾਦੀ ਚੰਗੀ ਹੁੰਦੀ ਐ। ਬੰਦਾ ਕਿਸਮਤ ਦੇ ਹੱਥਾਂ 'ਚ ਖਿਲੌਣੇ ਵਾਂਗ ਖੇਲਦਾ ਐ। ਕਈ ਵਾਰੀ ਤਿੱਤਲੀਆਂ ਫੜਨ ਵਾਲੇ ਨਿੱਕੇ ਬੱਚਿਆਂ ਨੂੰ ਉਹ ਸੁੰਦਰ ਮਨਮੋਹਣੀਆਂ ਲੱਗਣ ਕਰਕੇ, ਫੜਨ ਦੀ ਕੋਸ਼ਿਸ਼ ਕਰਦੇ ਨੇ ਪਰ ਐਨੀਆਂ ਨਾਜ਼ੁਕ ਹੁੰਦੀਆਂ ਨੇ ਕਿ ਹੱਥਾਂ 'ਚ ਹੀ ਮਰ ਜਾਂਦੀਆਂ ਨੇ। ਇਹ ਬੰਦਿਆਂ ਨਾਲ਼ ਵੀ ਹੋ ਜਾਂਦਾ ਐ। ਸਫਲਤਾ ਦੇ ਦਾਅਵੇਦਾਰ ਹਜ਼ਾਰ ਮਿਲਦੇ ਨੇ ਪਰ ਅਸਫਲਤਾ ਦਾ ਤਾਂ ਕੋਈ ਵੀ ਨਹੀਂ ਬਣਦਾ। ਕਿਸਮਤ ਲਿਖਣ ਵੇਲੇ ਸਾਨੂੰ ਨਹੀਂ ਪਤਾ ਹੁੰਦਾ ਕਿ ਮੱਥੇ 'ਤੇ ਕੀ ਅੱਖਰ ਲਿਖੇ ਨੇ। ਹਰ ਬੰਦੇ ਨੂੰ ਹੱਥ ਪੈਰ ਦਿਲ ਦਿਮਾਗ ਦਿੱਤਾ ਹੁੰਦੈ ਤਾਂ ਜੋ ਉਹ ਆਪਣੀ ਰੋਜ਼ੀ-ਰੋਟੀ ਕਮਾ ਕੇ ਗੁਜ਼ਾਰਾ ਕਰ ਸਕੇ ਤੇ ਕਿਸੇ ਸੰਕਟ ਦੇ ਸਮੇਂ ਆਪਣੀ ਹਿਫ਼ਾਜ਼ਤ ਤੇ ਰਾਖੀ ਕਰ ਸਕੇ।

ਕੁਦਰਤ ਦਾ ਅਸੂਲ ਐ ਕਿ ਜ਼ਿੰਦਗੀ ਦੇ ਹਰ ਵਰਤਾਰੇ ਵਿੱਚ ਸਮਤਲਤਾ ਰੱਖਦੀ ਐ। ਇੰਝ ਹੀ ਮਨੁੱਖੀ ਜ਼ਿੰਦਗੀ ਵਿੱਚ ਵੀ ਹੁੰਦੈ। ਜਿੱਥੇ ਕਿਤੇ ਰੱਬ ਕਿਸੇ ਇਨਸਾਨ ਨੂੰ ਗਰੀਬੀ, ਸਰੀਰਕ ਕਸ਼ਟ, ਸਮਾਜਿਕ ਜਾਂ ਪਰਿਵਾਰਕ ਮੁਸੀਬਤ ਦਿੰਦੈ ਪਰ ਉਸ ਨੂੰ ਕਿਸੇ ਹੋਰ ਪਾਸੇ ਪੂਰਾ ਕਰ ਦਿੰਦੈ, ਜਿਵੇਂ ਕਿਸੇ ਤੋਂ ਅੱਖਾਂ ਦੀ ਰੋਸ਼ਨੀ ਖੋਹ ਲਈ ਪਰ ਅਵਾਜ਼ ਐਨੀ ਸੁਰੀਲੀ ਕਰ ਦਿੱਤੀ ਕਿ ਉਹ ਸੁਰੀਲੀ ਅਵਾਜ਼ ਸਦਕਾ ਹੀ ਪੂਰੀ ਜ਼ਿੰਦਗੀ ਬਸਰ ਕਰ ਲੈਂਦਾ ਹੈ। ਕਿਸੇ ਗੂੰਗੇ, ਲੰਗੜੇ, ਬਹਿਰੇ ਨੂੰ ਕੋਈ ਕਲਾ ਬਖਸ਼ ਦਿੰਦਾ ਐ।

ਜੋ ਜੀਤਾ ਵੋਹ ਸਿਕੰਦਰ ਕਹਿਲਾਉਂਦਾ ਹੈ। ਇਹ ਦੁਨੀਆ ਦਾ ਦਸਤੂਰ ਐ। ਹੱਸਦੇ ਨਾਲ਼ ਹੱਸਣ ਵਾਲੇ ਬਹੁਤ ਮਿਲ ਜਾਂਦੇ ਨੇ ਪਰ ਰੋਂਦੇ ਨਾਲ਼ ਰੋਣ ਵਾਲੇ ਤੇ ਦੁੱਖ ਵੰਡਾਉਣ ਵਾਲੇ ਵਿਰਲੇ ਹੀ ਮਿਲਦੇ ਨੇ। ਇਹ ਸੰਸਾਰ ਗਰਜਾਂ ਅਤੇ ਮਜਬੂਰੀਆਂ ਦੇ ਧਾਗੇ ਨਾਲ਼ ਬੰਨ੍ਹਿਆ ਪਿਆ ਹੈ। ਔਖੇ ਵੇਲੇ ਸੱਜਣ ਸਖੀ ਵੀ ਪਾਸੇ ਵੱਟ ਜਾਂਦੇ ਨੇ ਤੇ ਚੰਗੇ ਵੇਲੇ ਦੁਸ਼ਮਣ ਵੀ ਦੁਸ਼ਮਣੀ ਤੋਂ ਟਲ ਜਾਂਦੇ ਨੇ। ਮੈਂ ਸਮਝਦਾ ਹਾਂ ਜਿਸ ਆਦਮੀ ਨੇ ਜ਼ਿੰਦਗੀ ਵਿੱਚ ਦੁੱਖ-ਸੁੱਖ ਨਹੀਂ ਦੇਖੇ, ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਹੀਂ ਝੱਲੀਆਂ, ਉਸ ਨੇ ਅਸਲੀ ਜ਼ਿੰਦਗੀ ਵੇਖੀ ਹੀ ਨਹੀਂ। ਦੁਨੀਆ 'ਤੇ ਕਿੰਨੇ-ਕਿੰਨੇ ਲੋਕਾਂ ਨੂੰ ਕਿੰਨੇ ਕਸ਼ਟ, ਦੁੱਖ ਝੱਲਣੇ ਪਏ। ਸਿੱਖ ਇਤਿਹਾਸ ਤਾਂ ਭਰਿਆ ਹੀ ਕੁਰਬਾਨੀਆਂ ਨਾਲ਼ ਪਿਆ ਐ।

ਲੋਕਾਂ ਦੇ ਦੁੱਖ ਵੇਖ ਕੇ ਆਪਣੇ ਦੁੱਖ ਛੋਟੇ ਲੱਗਦੇ ਨੇ। ਹੋਰਾਂ ਨੂੰ ਖ਼ੁਸ਼ ਵੇਖ ਕੇ ਬੰਦਾ ਈਰਖਾ ਕਰਦੈ ਕਿ ਇਹ ਸੁੱਖ ਤੇ ਦੌਲਤ ਉਸ ਕੋਲ ਕਿਉਂ ਨਹੀਂ। ਬਹੁਤ ਲੋਕਾਂ ਨੂੰ ਇਸ ਗੱਲ ਦਾ ਅਫ਼ਸੋਸ ਨਹੀਂ ਕਿ ਉਹ ਦੁਖੀ ਕਿਉਂ ਹਨ ਪਰ ਇਸ ਗੱਲ ਦਾ ਅਫ਼ਸੋਸ ਹੁੰਦੈ ਕਿ ਹੋਰ ਲੋਕ ਖ਼ੁਸ਼ ਕਿਉਂ ਨੇ। ਇਹ ਈਰਖਾ ਤੇ ਸਾੜੇ ਦੀ ਅੱਗ ਸਾਰੇ ਸੰਸਾਰ 'ਤੇ ਫੈਲੀ ਹੋਈ ਐ। ਮੇਰੀ ਦੋਸਤੀ ਬਚਪਨ ਤੋਂ ਹੀ ਮੇਰੇ ਤੋਂ ਵੱਡੀ ਉਮਰ ਦੇ ਬੰਦਿਆਂ ਨਾਲ਼ ਰਹੀ ਕਿਉਂਕਿ ਉਹਨਾਂ ਕੋਲੋਂ ਸਿੱਖਣ ਲਈ ਬਹੁਤ ਕੁੱਝ ਹੁੰਦਾ ਐ।

ਜ਼ਿੰਦਗੀ ਦਾ ਐਸਾ ਕੋਈ ਸੰਕਟ ਨਹੀਂ ਜੋ ਮੇਰੇ ਜੀਵਨ 'ਤੇ ਮੇਰੇ ਨਾਲ਼ ਨਾ ਵਾਪਰਿਆ ਹੋਵੇ ਤੇ ਅਜਿਹਾ ਕੋਈ ਸੁੱਖ ਨਹੀਂ ਜਿਸ ਤੋਂ ਮੈਂ ਵਾਂਝਾ ਰਿਹਾ ਹੋਵਾਂ। ਕੁੱਲ ਮਿਲਾ ਕੇ ਕਿਸੇ ਨਾਲ਼ ਕੋਈ ਗਿਲਾ ਸ਼ਿਕਵਾ ਜਾ ਰੰਜਸ਼ ਨਹੀਂ। ਮਿਹਨਤ ਬਹੁਤ ਕਰਨੀ ਪਈ। ਅਕਾਲ ਪੁਰਖ਼ ਦੀ ਕਿਰਪਾ ਸਦਕਾ ਸਮੇਂ-ਸਮੇਂ ਸਿਰ ਮਿਹਨਤ ਦਾ ਮੁੱਲ ਪੈਂਦਾ ਰਿਹਾ।

ਅਕਾਲ ਪੁਰਖ਼ ਅੱਗੇ ਹਰ ਰੋਜ਼ ਇੱਕੋ ਅਰਦਾਸ ਕਰਦਾ ਰਿਹਾ ਹਾਂ, ਹੇ ਸੱਚੇ ਪਾਤਸ਼ਾਹ! ਜੋ ਮਾਣ-ਸਤਿਕਾਰ ਰੁਤਬਾ ਤੂੰ ਦਾਸ ਨੂੰ ਬਖ਼ਸ਼ੇਂਗਾ, ਉਸ ਤੇਰੀ ਦਿੱਤੀ ਅਮਾਨਤ 'ਚ ਖਿਆਨਤ ਨਹੀਂ ਕਰਾਂਗਾ। ਰੱਬ ਨੇ ਸਭ ਕੁੱਝ ਬਖ਼ਸ਼ਿਆ ਤੇ ਨਾਲ਼ ਹੀ ਡੋਲਣ ਤੋਂ ਬਚਾਇਆ।

ਹਰ ਬੰਦਾ ਜ਼ਿੰਦਗੀ ਨੂੰ ਸਮਝਣ ਤੇ ਵਧੀਆ ਤਰੀਕੇ ਨਾਲ਼ ਜਿਉਣ ਲਈ ਯਤਨਸ਼ੀਲ ਰਹਿੰਦਾ ਹੈ। ਜ਼ਿੰਦਗੀ ਇੱਕ ਐਸਾ ਗੋਰਖ ਧੰਦਾ ਹੈ ਕਿ ਇਸ ਨੂੰ ਸਮਝਦੇ-ਸਮਝਦੇ ਹੀ ਪੂਰੀ ਉਮਰ ਲੰਘ ਜਾਂਦੀ ਐ, ਪਰ ਫੇਰ ਵੀ ਸਮਝ ਨਹੀਂ ਆਉਂਦੀ। ਮੇਰੀ ਦਾਸਤਾਂ ਵੀ ਕੋਈ ਹੋਰ ਲੋਕਾਂ ਨਾਲੋਂ ਵੱਖਰੀ ਨਹੀਂ।

ਕੁੱਝ ਵੱਡੇ ਲੋਕਾਂ ਦੀ ਜੀਵਨੀ ਵੱਡੇ-ਵੱਡੇ ਵਿਦਵਾਨ ਲਿਖਦੇ ਨੇ। ਕੁੱਝ ਆਪਣੀ ਸਵੈ-ਜੀਵਨੀ ਲਿਖਦੇ ਨੇ। ਹਰ ਇੱਕ ਕਿਤਾਬ ਦੀ ਆਲੋਚਨਾ ਹੁੰਦੀ ਐ। ਅਕਸਰ ਇਹ ਕਿਹਾ ਜਾਂਦਾ ਐ ਕਿ ਸਵੈ-ਜੀਵਨੀ ਆਦਮੀ ਦਾ ਆਪਣੇ ਬਾਰੇ ਸਭ ਤੋਂ ਵੱਡਾ ਝੂਠ ਹੁੰਦੈ। ਮੇਰੇ ਮਨ ਵਿੱਚ ਵੀ ਇਹ ਖ਼ਿਆਲ ਆਇਆ ਕਿ ਫੇਰ ਇਹ ਕੰਮ ਨਾ ਕਰੀਏ। ਮੇਰੇ ਇੱਕ ਸੱਜਣ ਨੇ ਸੁਝਾਅ ਦਿੱਤਾ, ਬਾਈ ਜੀ ਝੂਠ ਬੋਲਣਾ ਮਾੜੀ ਗੱਲ ਐ। ਕਦੇ-ਕਦੇ ਐਨਾ ਸੱਚ ਬੋਲਣਾ ਵੀ ਨੁਕਸਾਨ ਦੇਹ ਹੋ ਜਾਂਦਾ ਹੈ ਜਿੱਥੇ ਉਸ ਵੇਲੇ ਸੱਚ ਬੋਲਣ ਦੀ ਲੋੜ ਨਾ ਹੋਵੇ ਜਾਂ ਚੁੱਪ ਕਰਕੇ ਲੋਕ ਹਿਤਾਂ ਦੀ ਰਾਖੀ ਤੇ ਭਲਾਈ ਹੁੰਦੀ ਹੋਵੇ। ਝੂਠ ਬਿਲਕੁੱਲ ਨਾ ਬੋਲੋ ਪਰ ਸੱਚ ਬੋਲਣ ਲੱਗੇ ਸਿਆਣਪ ਜ਼ਰੂਰ ਵਰਤੋ। ਮੈਂ ਇਹ ਦਾਅਵਾ ਨਹੀਂ ਕਰਦਾ ਕਿ ਮੈਂ ਕੋਈ ਬ੍ਰਹਮ ਗਿਆਨੀ ਜਾਂ ਧਰਮ ਪੁੱਤਰ ਹਾਂ ਪਰ ਕਦੇ ਲਾਲਚ ਗਰਜ਼ ਅਤੇ ਲੋਕ ਹਿੱਤਾਂ ਦੇ ਖ਼ਿਲਾਫ਼ ਝੂਠ ਬੋਲਣ ਤੋਂ ਗੁਰੇਜ਼ ਕੀਤਾ ਹੈ। ਇਸ ਹਥਲੀ ਕਿਤਾਬ ਨੂੰ ਦੂਹਰੀ ਵਾਰ ਪੜ੍ਹਨ ਤੋਂ ਮੈਂ ਕਾਫੀ ਕੌੜਾ ਤੇ ਕੋਰਾ ਸੱਚ ਕੱਟ ਦਿੱਤਾ ਹੈ। ਉਸ ਦਾ ਪਬਲਿਕ ਨੂੰ ਕੋਈ ਲਾਭ ਨਹੀਂ ਹੋਣਾ ਸੀ, ਪਰੰਤੂ ਜ਼ਿੰਦਗੀ ਦੇ ਸ਼ਾਮਾਂ ਵੇਲੇ ਹੋਰ ਦੁਸ਼ਮਣੀਆਂ ਪਾਲਣ ਦਾ ਸਮਾਂ ਅਤੇ ਸਮਰੱਥਾ ਨਹੀਂ। ਇਸ ਲਈ ਚੁਭਵਾਂ ਸੱਚ ਬੋਲਣ ਤੋਂ ਕੁੱਝ ਗੁਰੇਜ਼ ਕੀਤਾ। ਝੂਠ ਬੋਲਣ ਦਾ ਹੁਣ ਕੋਈ ਅਰਥ ਨਹੀਂ ਰਿਹਾ। ਆਤਮਾ ਦੀ ਅਵਾਜ਼ ਜੋ ਨਵੀਂ ਪੀੜ੍ਹੀ ਦੇ ਪਾਠਕਾਂ ਲਈ ਕੁੱਝ ਮਾਰਗ ਦਰਸ਼ਕ ਸੇਧ ਤੇ ਪ੍ਰੇਰਨਾ ਸਰੋਤ ਬਣ ਸਕੇ, ਲਿਖਣ ਦੀ ਕੋਸ਼ਿਸ਼ ਕੀਤੀ ਐ। "ਭੁਲਣ ਅੰਦਰ ਸੱਭ ਕੋ ਅਭੁਲ ਗੁਰੂ ਕਰਤਾਰ" ਦੇ ਮਹਾਂ ਵਾਕ ਅਨੁਸਾਰ ਬੰਦਾ ਗਲਤੀਆਂ ਦਾ ਪੁਤਲਾ ਹੈ, ਪਰ ਮਨ ਵਿੱਚ ਖੋਟ, ਪਾਪ ਤੇ ਛਲ਼ ਕਪਟ ਮਾੜਾ ਹੁੰਦੈ। ਆਪਣੀ ਰਿਪੋਰਟ ਹਰ ਬੰਦੇ ਲਈ ਜਿੰਨਾ ਮਰਜ਼ੀ ਜ਼ੋਰ ਲਾ ਲਵੇ, ਨਿਰਪੱਖ ਲਿਖਣੀ ਮੁਸ਼ਕਲ ਹੁੰਦੀ ਐ। ਇਸ ਲਈ ਇਹ ਕਾਰਜ ਪਾਠਕਾਂ, ਆਲੋਚਕਾਂ ਅਤੇ ਵਿਦਵਾਨਾਂ 'ਤੇ ਛੱਡਣਾ ਹੀ ਉਚਿਤ ਸਮਝਦਾ ਹਾਂ।

◆◆◆

ਅੰਕ-2

# ਲਿਖਣ ਦੇ ਖ਼ਿਆਲ ਦੀ ਉਤਪਤੀ

ਰੂਪ ਜੁਆਨੀ ਮਾਪੇ ਨਾ ਮੁੜਨ ਬੇਲੀ, ਨਾ ਬੇੜੀ ਦਾ ਪੂਰ ਤੇ ਨਦੀ ਨੀਰ ਮੀਆਂ।
ਦੁੱਖ ਦਿੰਦੇ ਨੇ, ਵਿਧਵਾ-ਧੀ, ਨੂੰਹ-ਰੰਡੀ, ਲੋਟੂ ਰਾਜਾ ਤੇ ਭ੍ਰਿਸ਼ਟ ਵਜ਼ੀਰ ਮੀਆਂ।

ਜ਼ਿੰਦਗੀ ਵਿੱਚ ਕੁਝ ਲੋਕਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਹੋ ਜਾਵੇ ਉਹ ਖ਼ੁਸ਼ ਹੋ ਜਾਂਦੇ ਹਨ। ਕੁਝ ਨੂੰ ਮਕਾਨ ਮਿਲ ਜਾਵੇ ਉਹ ਹੋਰ ਖ਼ੁਸ਼ ਹੋ ਜਾਂਦੇ ਹਨ। ਕੁਝ ਨੂੰ ਰੋਟੀ, ਕਪੜਾ ਔਰ ਮਕਾਨ ਤੋਂ ਅੱਗੇ ਜ਼ਿੰਦਗੀ ਦੇ ਕੁਝ ਹੋਰ ਸੁੱਖ ਸਹੂਲਤਾਂ, ਅਨੰਦ ਮੌਜ ਮਿਲ ਜਾਵੇ, ਖ਼ੁਸ਼ ਹੁੰਦੇ ਹਨ। ਕੁਝ ਨੂੰ ਇਹਨਾਂ ਤੋਂ ਅੱਗੇ ਧਨ, ਹੁਸਨ, ਹੁਨਰ, ਰਾਜਨੀਤਕ ਸ਼ਕਤੀ ਤੇ ਜਗਤ ਪ੍ਰਸਿੱਧੀ ਮਿਲ ਜਾਵੇ ਤਾਂ ਹੋਰ ਵੀ ਖ਼ੁਸ਼ ਹੋ ਜਾਂਦੇ ਹਨ। ਕੁਝ ਨੂੰ ਮਾਣ-ਸਤਿਕਾਰ ਰੁਤਬੇ, ਧਨ-ਦੌਲਤ, ਰਾਜਨੀਤਕ ਸ਼ਕਤੀ ਮਿਲ ਜਾਏ, ਉਹ ਖ਼ੁਸ਼ੀ ਮਹਿਸੂਸ ਕਰਦੇ ਹਨ। ਖ਼ੁਸ਼ੀ ਅਤੇ ਗ਼ਮੀ ਜ਼ਿੰਦਗੀ ਦੇ ਕੱਪੜਿਆਂ ਵਾਂਗ ਹਨ, ਮੌਸਮ ਵਾਂਗ ਹਨ। ਕਦੇ ਗਰਮੀ, ਕਦੇ ਸਰਦੀ ਹਮੇਸ਼ਾ ਇਕ ਮੌਸਮ ਨਹੀਂ ਰਹਿੰਦਾ। ਕੁਝ ਲੋਕਾਂ ਕੋਲ ਐਨਾ ਧਨ-ਦੌਲਤ ਹੈ ਕਿ ਉਹ ਆਪਣੇ ਘਰਾਂ, ਦਫ਼ਤਰਾਂ, ਕੰਮ ਕਰਨ ਵਾਲੇ ਸਾਧਨਾਂ ਤੋਂ ਇਕੋ ਜਿਹਾ ਮਨਪਸੰਦ ਦਾ ਮੌਸਮ, ਤਾਪਮਾਨ ਰੱਖ ਸਕਦੇ ਨੇ। ਜ਼ਿੰਦਗੀ ਵਿੱਚ ਧਨ-ਦੌਲਤ, ਐਸ਼ੋ-ਇਸ਼ਰਤ, ਸੁੱਖ-ਆਰਾਮ, ਨਾਮ, ਪੁੰਨ ਦਾਨ, ਰੁਤਬਾ, ਮਾਣ-ਸਤਿਕਾਰ ਹੀ ਸਭ ਕੁਝ ਨਹੀਂ ਹੁੰਦਾ। ਇਨਸਾਨ ਦਾ ਇਸ ਦੁਨੀਆ 'ਤੇ ਆ ਕੇ ਹੋਰ ਵੀ ਕੁਝ ਉਦੇਸ਼ ਹੈ। ਅਸੀਂ ਜਿਸ ਦੁਨੀਆ 'ਤੇ ਆਏ ਹਾਂ, ਇਸ ਨੂੰ ਕੋਸ਼ਿਸ਼ ਕਰੀਏ ਕਿ ਪਹਿਲਾਂ ਨਾਲੋਂ ਬਿਹਤਰ ਬਣਾਉਣ ਵਿਚ ਯਤਨਸ਼ੀਲ ਹੋਈਏ। ਘੱਟੋ-ਘੱਟ ਜੇ ਬਿਹਤਰ ਨਹੀਂ ਬਣਾ ਸਕਦੇ ਤਾਂ ਇਸ ਤੋਂ ਥੱਲੇ ਨਾ ਡਿੱਗਣ ਦੇਈਏ। ਅਸੀਂ ਅਕਸਰ ਜਨਤਕ ਬਾਥਰੂਮ ਵਿੱਚ ਜਦੋਂ ਜਾਂਦੇ ਹਾਂ ਤਾਂ ਇਹ ਲਿਖਿਆ ਪੜ੍ਹਦੇ ਹਾਂ ਕਿ ਟਾਇਲਟ ਨੂੰ ਜਿਹੋ-ਜਿਹਾ ਵੇਖੀਏ ਉਹੋ ਜਿਹਾ ਹੀ ਛੱਡੀਏ। ਕਈ ਪਹਿਲਾਂ ਹੀ ਗੰਦ ਪਾ ਕੇ ਚਲੇ ਜਾਂਦੇ ਹਨ। ਉਸ ਦਾ ਮਤਲਬ ਇਹ ਨਹੀਂ ਕਿ ਗੰਦਾ ਛੱਡ ਜਾਈਏ, ਉਸ ਦਾ ਭਾਵ ਇਹ ਹੈ ਕਿ ਅਸੀਂ ਜਦੋਂ ਟਾਇਲਟ ਜਾਂਦੇ ਹਾਂ ਤਾਂ ਆਸ ਕਰਦੇ ਹਾਂ ਕਿ ਟਾਇਲਟ ਚੰਗਾ ਸਾਫ਼ ਹੋਊ। ਜੇ ਨਹੀਂ ਤਾਂ ਪਹਿਲਾਂ ਸਾਫ਼ ਕਰਕੇ ਫੇਰ ਵਰਤਦੇ ਹਾਂ। ਸਾਡੇ ਤੋਂ ਬਾਅਦ ਵੀ ਕਿਸੇ ਨੇ ਵਰਤਣਾ ਹੈ। ਜੇ ਅਸੀਂ ਬੁਨਿਆਦੀ ਢਾਂਚੇ ਵਿੱਚ, ਉਸ ਨੂੰ ਵਰਤਣ ਦੀ ਰਸਮੋ-ਰਿਵਾਜ, ਸਭਿਆਚਾਰਕ ਪ੍ਰਣਾਲੀ ਵਿੱਚ ਕੁਝ ਸੁਧਾਰ ਕਰਾਂਗੇ ਤਾਂ ਹੌਲੀ-ਹੌਲੀ ਸੁਧਾਰ ਦੀ ਗੁੰਜਾਇਸ਼ ਵਧਦੀ ਜਾਵੇਗੀ।

ਇਕ ਕਹਾਵਤ ਹੈ ਕਿ ਗੁਰੂ ਨਾਨਕ ਦੇਵ ਜੀ ਇਕ ਪਿੰਡ ਵਿਚ ਗਏ, ਉਹਨਾਂ ਨੇ ਉੱਥੇ ਇਕ ਤਲਾਅ ਬਣਵਾਇਆ ਅਤੇ ਪਿੰਡ ਦੇ ਲੋਕਾਂ ਨੂੰ ਸੁਨੇਹਾ ਲਾ ਦਿੱਤਾ ਕਿ ਸਾਰੇ ਘਰਾਂ ਦੇ ਲੋਕ ਤਲਾਅ ਵਿੱਚ ਇੱਕ-ਇੱਕ ਦੁੱਧ ਦੀ ਗੜਵੀ ਪਾਉਣ। ਉਸ ਪਿੰਡ ਦੇ ਲੋਕ ਲਾਲਚੀ, ਖ਼ੁਦਗਰਜ਼ ਅਤੇ ਮਨ ਮਤੀਏ ਸਨ। ਉਹਨਾਂ ਨੇ ਸੋਚਿਆ ਕਿ ਤਲਾਅ ਵਿੱਚ ਦੁੱਧ ਪਾਉਣ ਨਾਲ ਦੁੱਧ ਨਸ਼ਟ ਹੋ ਜਾਵੇਗਾ, ਤਲਾਅ ਨੂੰ ਕੋਈ ਫਰਕ ਨਹੀਂ ਪੈਂਦਾ। ਕੋਈ ਹੋਰ ਪਾ ਦਊ। ਜਦੋਂ ਅਗਲੇ ਦਿਨ ਦੇਖਿਆ ਤਾਂ ਇਕ ਵੀ ਪਿੰਡ ਵਾਲਾ ਦੁੱਧ ਪਾਉਣ ਨਹੀਂ ਆਇਆ। ਸਾਰੇ ਪਾਣੀ ਦੀ ਗੜਵੀ ਪਾ ਕੇ ਚਲੇ ਗਏ। ਉਹਨਾਂ ਨੇ ਇਹ ਸਭ ਕੁਝ ਵੇਖ ਕੇ ਕਿਹਾ, 'ਵੱਸਦੇ ਰਹੋ'। ਫੇਰ ਦੂਜੇ ਪਿੰਡ ਗਏ, ਉਥੇ ਵੀ ਤਲਾਅ ਪੁਟਵਾ ਕੇ ਦੁੱਧ ਦੀ ਗੜਵੀ ਪਾਉਣ ਦਾ ਆਦੇਸ਼ ਦਿੱਤਾ, ਉਸ ਪਿੰਡ ਦੇ ਸਾਰੇ ਲੋਕਾਂ ਨੇ ਗੁਰੂ ਦੇ ਬਚਨ ਨੂੰ ਫੁੱਲ ਚੜ੍ਹਾਏ, ਤਲਾਅ ਦੁੱਧ ਨਾਲ ਭਰ ਦਿੱਤਾ। ਗੁਰੂ ਸਾਹਿਬ ਨੇ ਉਹਨਾਂ ਲਈ ਕਿਹਾ, 'ਉੱਜੜਦੇ ਰਹੋ'। ਗੁਰੂ ਜੀ ਨੂੰ ਇਸ ਦਾ ਕਾਰਨ ਪੁੱਛਿਆ, ਉਹਨਾਂ ਨੇ ਕਿਹਾ ਜਿਨ੍ਹਾਂ ਲੋਕਾਂ ਨੇ ਦੁੱਧ ਦੀ ਬਜਾਏ ਪਾਣੀ ਪਾਇਆ ਹੈ, ਇਹਨਾਂ ਨੂੰ ਇੱਥੇ ਹੀ ਰਹਿਣਾ ਚਾਹੀਦਾ ਹੈ।

ਕਿਉਂਕਿ ਇਹਨਾਂ ਕੋਲ ਕੁਝ ਅਜਿਹਾ ਨਹੀਂ ਜੋ ਇਹ ਅੱਗੇ ਜਾ ਕੇ ਲੋਕਾਂ ਨੂੰ ਨੇਕੀ, ਭਲਾਈ, ਚੰਗਿਆਈ ਵੰਡ ਸਕਣ। ਇਸ ਲਈ ਇਹ ਏਥੇ ਹੀ ਰਹਿਣ ਤਾਂ ਚੰਗਾ। ਜਿਹੜੇ ਲੋਕਾਂ ਨੇ ਗੁਰੂ ਦਾ ਬਚਨ ਮੰਨ ਕੇ ਤਲਾਅ ਦੁੱਧ ਨਾਲ ਭਰ ਦਿੱਤਾ, ਇਹਨਾਂ ਦੇ ਅੰਦਰ, ਪੁੰਨ ਦਾਨ, ਨੇਕੀ, ਭਲਾਈ, ਪਰਉਪਕਾਰ, ਗੁਰੂ ਪ੍ਰਤੀ ਸ਼ਰਧਾ ਅਤੇ ਗੁਰਮਤਿ ਅਨੁਸਾਰ ਚੱਲ ਕੇ, ਆਪ ਜਪੈ ਅਵਰਾ ਨਾਮੁ ਜਪਾਵੈ ਵਾਲੀ ਧਾਰਨਾ ਹੈ। ਇਹਨਾਂ ਦਾ ਦੁਨੀਆ 'ਤੇ ਤੁਰਦੇ-ਫਿਰਦੇ ਰਹਿਣਾ ਚੰਗੀ ਗੱਲ ਹੈ। ਨੇਕੀ, ਭਲਾਈ, ਚੰਗਿਆਈ, ਦੁਨੀਆ 'ਤੇ ਫੈਲਣੀ ਚਾਹੀਦੀ ਹੈ। ਇਸ ਨੂੰ ਫੈਲਾਉਣ ਲਈ ਚੰਗੇ ਨੇਕ ਰੱਬੀ ਰੂਹ ਵਾਲੇ ਇਨਸਾਨ ਚਾਹੀਦੇ ਹਨ। ਸੋ ਉਹਨਾਂ ਲਈ 'ਉਜੜਦੇ ਰਹੋ' ਸ਼ਬਦ ਵਰਤੇ ਗਏ ਸਨ।

ਅਜਿਹੇ ਲੋਕ ਬਹੁਤ ਥੋੜ੍ਹੇ ਹਨ ਜੋ ਜਿਉਣ ਲਈ ਖਾਂਦੇ ਹਨ ਪਰ ਬਹੁ-ਗਿਣਤੀ ਖਾਣੇ ਲਈ, ਸੁਖ ਅਰਾਮ ਲਈ ਜਿਉਂਦੇ ਹਨ। ਉਹਨਾਂ ਦੇ ਕੋਈ ਜੀਵਨ ਦੇ ਉਦੇਸ਼, ਮਨੋਰਥ ਜਾਂ ਲਕਸ਼ ਨਹੀਂ। ਪਸ਼ੂਆਂ ਅਤੇ ਜਾਨਵਰਾਂ ਵਿੱਚ ਇਹੋ ਅੰਤਰ ਹੈ ਕਿ ਉਹਨਾਂ ਅੰਦਰ ਕੋਈ ਲਕਸ਼ ਨਹੀਂ, ਜੀਵਨ ਦਾ ਉਦੇਸ਼ ਨਹੀਂ। ਸਮਾਜ ਨੂੰ, ਸਿਸਟਮ ਨੂੰ ਸੁਧਾਰਨ ਲਈ ਉਨ੍ਹਾਂ ਕੋਲ ਚੇਤਨਾ, ਸੋਝੀ, ਦੂਰ-ਦ੍ਰਿਸ਼ਟੀ, ਸਮਾਂ, ਹਿੰਮਤ, ਦਲੇਰੀ ਅਤੇ ਦਿਲ ਨਹੀਂ। ਅਸੀਂ ਵੇਖਦੇ ਹਾਂ ਕਿ ਸਾਰੀ ਦੁਨੀਆ ਫਲ ਖਾਂਦੀ ਹੈ ਪਰ ਬਹੁਤ ਥੋੜ੍ਹੇ ਲੋਕ ਨੇ ਜੋ ਬਾਗ ਲਾਉਂਦੇ ਹਨ। ਬਾਗ਼ ਦੀ ਸੰਭਾਲ ਕਰਕੇ ਫਲ ਪੈਦਾ ਕਰਕੇ, ਲੋਕਾਂ ਲਈ ਤਿਆਰ ਕਰਦੇ ਹਨ। ਮਾਲੀ ਜਦੋਂ ਬੂਟੇ ਲਾ ਕੇ ਬੁੱਢਾ ਹੋ ਜਾਂਦਾ ਹੈ, ਉਹ ਕਦੇ ਬੂਟੇ ਦੇ ਫਲ ਲੱਗੇ ਵੇਖਦਾ ਹੈ ਤਾਂ ਉਸ ਨੂੰ ਫਲ ਖਾਣ ਵਾਲੇ ਨਾਲੋਂ ਵੀ ਵਧੇਰੇ ਅਨੰਦ ਆਉਂਦਾ ਹੈ। ਉਹ ਗੂੰਗੇ ਦੇ ਗੁੜ ਖਾਣ ਵਾਂਗ ਉਸ ਅਨੰਦ ਨੂੰ ਕਿਸੇ ਨਾਲ ਸਾਂਝਾ ਨਹੀਂ ਕਰ ਸਕਦਾ, ਪਰ ਉਹ ਅਨੰਦ ਮਹਿਸੂਸ ਕਰਦਾ ਹੈ। ਸਾਡੇ ਸਮਾਜ ਵਿੱਚ ਕੁਝ ਅਜਿਹੇ ਲੋਕ ਹਨ ਜੋ ਨੇਕੀ, ਭਲਾਈ ਕਰਦੇ ਹਨ, ਪ੍ਰਚਾਰਦੇ ਹਨ, ਹੋਰਨਾਂ ਨੂੰ ਪ੍ਰੇਰਿਤ ਕਰਦੇ ਹਨ। ਲੋੜ ਬਹੁਤ ਜ਼ਿਆਦਾ ਉਨ੍ਹਾਂ ਲੋਕਾਂ ਦੀ ਹੈ, ਪਰ ਦੁਖਾਂਤ ਇਹ ਹੈ ਕਿ ਬਹੁਤ ਥੋੜ੍ਹੇ ਹਨ, ਗੁਰਬਾਣੀ ਵਿੱਚ ਕਿਹਾ ਗਿਆ, "ਜਗੁ ਮੇ ਉਤਮੁ ਕਾਢਿਐ ਵਿਰਲੇ ਕੇਇ ਕੇਇ॥" ਚੰਗਿਆਈ ਬਹੁਤ ਘੱਟ ਮਾਤਰਾ ਵਿੱਚ ਮਿਲਦੀ ਹੈ। ਇਸ ਦੀ ਘਾਟ ਦਾ ਨਾਮ ਹੀ ਕਲਯੁੱਗ ਹੈ। ਨੇਕੀ ਭਲਾਈ ਚੰਗਿਆਈ ਤੇ ਪਰਉਪਕਾਰ ਦਾ ਨਾਮ ਹੀ ਸਤਯੁੱਗ ਹੈ। ਗੁਰਬਾਣੀ ਦਾ ਕਥਨ ਹੈ:

ਬੇਕੁੰਠ ਨਗਰੁ ਜਹਾ ਸੰਤ ਵਾਸਾ॥

ਮੇਰੀ ਜ਼ਿੰਦਗੀ ਵਿੱਚ ਜਨਮ ਤੋਂ ਲੈ ਕੇ ਬਹੁਤ ਕਠਿਨਾਈਆਂ, ਮੁਸ਼ਕਲਾਂ, ਹਾਦਸੇ ਦਰ ਹਾਦਸੇ ਆਏ। ਮੈਨੂੰ ਜ਼ਿੰਦਗੀ ਵਿੱਚ ਸਮਾਜਿਕ, ਸਰੀਰਕ, ਆਰਥਿਕ ਪ੍ਰਸ਼ਾਸਨਿਕ ਅਤੇ ਰਾਜਨੀਤਕ ਸੰਕਟ, ਕੁੱਝ ਲਈ ਮੈਂ ਜ਼ਿੰਮੇਵਾਰ ਸੀ, ਕੁੱਝ ਲਈ ਕੋਈ ਹੋਰ ਜਾਂ ਮੇਰੀ ਰੁੱਸੀ ਹੋਈ ਹੋਣੀ ਸੀ ਪਰ ਮੈਨੂੰ ਆਲ੍ਹਣਿਆਂ ਦੇ ਬੋਟ ਵਾਂਗ ਅਕਾਲ ਪੁਰਖ ਨੇ ਹੱਥ ਦੇ ਰੱਖਿਆ। ਜਦੋਂ ਕੋਈ ਔਕੜ ਆਈ, ਅੰਗ-ਸੰਗ ਹੋ ਕੇ ਬਹੁੜਿਆ। ਮੈਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਮੇਰੇ ਵਰਗੇ ਇਕ ਨਹੀਂ ਅਨੇਕਾਂ ਹੋਣਗੇ ਅਤੇ ਅੱਗੇ ਵੀ ਹੋਣਗੇ ਜਿਨ੍ਹਾਂ ਦੀ ਜ਼ਿੰਦਗੀ ਹਨੇਰੇ, ਔਕੜਾਂ ਤੇ ਔਝੜਾਂ ਵਿਚੋਂ ਚੱਲ ਕੇ ਕਦੇ ਪੱਟੜੀ 'ਤੇ ਕਦੇ ਟਿੱਬਿਆਂ 'ਤੇ ਕਦੇ ਦਲ-ਦਲ 'ਤੇ ਚਲਦੀ ਰਾਹ ਬਣਾਉਂਦੀ ਰਹੀ ਪਰ ਸ਼ੁਕਰ ਐ ਜ਼ਿੰਦਗੀ ਕਿਸੇ ਵੀ ਸਥਿਤੀ 'ਚ ਭਾਰੂ ਨਹੀਂ ਬਣੀ। ਮੇਰੇ ਵਰਗੇ ਹੋਰ ਮਿੱਤਰਾਂ ਸ਼ਾਇਦ ਮੇਰੀ ਜ਼ਿੰਦਗੀ ਦੇ ਤਲਖ਼ ਤਜਰਬੇ ਪੜ੍ਹ ਕੇ ਨੈਲਸਨ ਮੰਡੇਲਾ, ਅਬ੍ਰਾਹਮ ਲਿੰਕਨ ਤੇ ਫਲੋਰੈਂਸ ਨਾਇਟਿੰਗੇਲ ਦੀ ਕਹਾਣੀ ਪੜ੍ਹ ਕੇ ਕੁਝ ਪ੍ਰੇਰਨਾ, ਹੌਂਸਲਾ, ਕੁਝ ਕਰਨ ਦੀ ਭਾਵਨਾ, ਜ਼ਿੰਦਗੀ ਦੇ ਮਾਅਨੇ, ਸਮਝਣ ਇੱਛਾ ਅਤੇ ਆਪਣੇ-ਆਪ ਦੀ ਮਹੱਤਤਾ ਸਮਝਣ ਦੀ ਸਮਰੱਥਾ ਪੈਦਾ ਹੋਵੇਗੀ।

ਦੁਨੀਆ ਦਾ ਇਤਿਹਾਸ ਬਹੁਤ ਘੱਟ ਬੰਦਿਆਂ ਦਾ ਇਤਿਹਾਸ ਹੈ, ਜਿਨ੍ਹਾਂ ਨੇ ਹੱਥ ਵਿੱਚ ਲਾਲਟੈਣ ਫੜ ਕੇ ਰੌਸ਼ਨੀ ਵਿਖਾਈ, ਜਿਨ੍ਹਾਂ ਨੇ ਜ਼ੁਲਮ-ਸਿਤਮ ਵਿਰੁੱਧ ਤਲਵਾਰ ਚੁੱਕ ਕੇ ਇਨਸਾਫ਼ ਤੇ ਹੱਕ ਸੱਚ ਦੀ ਲੜਾਈ ਲੜੀ, ਬਹੁਤ ਘੱਟ ਮਿਸਾਲਾਂ ਹੋਣਗੀਆਂ ਜਿੱਥੇ ਨੌਂ ਸਾਲ ਦਾ ਬਾਲਕ ਆਪਣੇ ਪਿਤਾ ਨੂੰ ਕਿਸੇ ਹੋਰ ਧਰਮ ਦੀ ਰਾਖੀ ਲਈ ਕੁਰਬਾਨੀ ਦੇਣ ਲਈ ਪ੍ਰੇਰ ਰਿਹਾ ਹੈ। ਫੇਰ ਗਿਆਰਾਂ ਤੇ ਤੇਰਾਂ ਸਾਲ ਦੇ ਪੁੱਤਰਾਂ ਨੂੰ ਧਰਮ ਦੀ ਜੰਗ ਲੜਨ ਲਈ ਯੁੱਧ ਵਿੱਚ ਕਿਰਪਾਨ ਫੜਾ ਕੇ ਭੇਜਿਆ ਜਾ ਰਿਹਾ ਹੈ।

ਜਿਸ ਦੇ ਦੋ ਬੱਚੇ ਸੱਤ ਸਾਲ ਅਤੇ ਨੌਂ ਸਾਲ ਦੇ ਹੱਕ ਸੱਚ, ਇਨਸਾਫ਼ ਤੇ ਧਰਮ ਦੀ ਰੱਖਿਆ ਲਈ ਕੰਧਾਂ ਵਿੱਚ ਚਿਣਵਾਏ ਗਏ, ਸਰਬੰਸ ਦਾਨੀ ਹੋਇਆ। ਜੇ ਇਹ ਹੋਇਆ ਤਾਂ ਅੱਜ ਦੁਨੀਆ ਭਰ ਵਿੱਚ ਇਕ ਸਿੱਖ ਕੌਮ ਖੜ੍ਹੀ ਹੈ, ਜਿਸ ਦਾ ਉਦੇਸ਼ ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ, ਦਸਵੰਧ ਕਢਣਾ, ਲੰਗਰ ਵੰਡਣਾ। ਜ਼ੁਲਮ-ਸਿਤਮ ਅਤੇ ਅਨਿਆਂ ਦੇ ਖ਼ਿਲਾਫ਼ ਧਰਮ ਯੁੱਧ ਕਰਨਾ, ਇਹ ਉਸ ਕੌਮ ਦਾ ਉਦੇਸ਼ ਹੈ। ਜੇਕਰ ਗੁਰੂ ਸਾਹਿਬ ਦੀ ਕੁਰਬਾਨੀ ਅਤੇ ਉਸ ਦੇ ਸਰਬੰਸ ਦੀ ਕੁਰਬਾਨੀ ਜਗਤ 'ਤੇ ਜੀਵਨੀ ਜਾਂ ਸਵੈ-ਜੀਵਨੀ ਦੇ ਰੂਪ ਵਿੱਚ ਨਾ ਹੁੰਦੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕਿਵੇਂ ਪਤਾ ਲਗਦਾ ਕਿ ਸਾਡੇ ਪੁਰਖੇ ਕਿਹੋ ਜਿਹੇ ਹੋਏ, ਉਹਨਾਂ ਨੇ ਕੀ-ਕੀ ਕਾਰਨਾਮੇ ਕੀਤੇ। ਤਵਾਰੀਖ਼ ਵੀ ਨਾਲ-ਨਾਲ ਚਲਦੀ ਹੈ। ਤਵਾਰੀਖ਼ ਤੋਂ ਅਸੀਂ ਬੜਾ ਕੁਝ ਸਿਖਦੇ ਹਾਂ। ਸਾਡੇ ਕੋਲ ਕੁਝ ਲੋਕ ਉਹ ਹੁੰਦੇ ਨੇ ਜਿਹਨਾਂ ਨੇ ਚੰਗੇ ਕਰਮ ਕੀਤੇ, ਕੁਝ ਉਹ ਹੁੰਦੇ ਨੇ ਜਿਹਨਾਂ ਨੇ ਬੁਰੇ ਕਰਮ ਕੀਤੇ। ਨੇਕੀ ਦਾ ਵਿਰੋਧ ਕੀਤਾ। ਗੁਰੂ ਸਾਹਿਬ ਸੁਆਲ ਕਰਦੇ ਹੋਏ ਉਤਰ ਦਿੰਦੇ ਹਨ: ਇਹ ਜਗਤ ਕਿਸ ਤਰ੍ਹਾਂ ਪੈਦਾ ਹੋਇਆ।

"ਕਿਤ ਬਿਧ ਜਗ ਉਪਜੈ ਪੁਰਖਾ ਕਿਤ ਬਿਧ ਬਿਨਸ ਜਾਈ"
ਜੁਆਬ: ਹਉਮੈ ਵਿੱਚ ਜਗ ਉਪਜੈ ਪੁਰਖਾ ਨਾਮ ਲਈਏ ਵਿਸਰ ਜਾਈ।

ਇਹ ਜਗ ਹਉਮੈ ਵਿਚੋਂ ਉਪਜਦਾ ਹੈ ਤਾਂ ਗੁਰੂ ਦੇ ਚਰਨ ਲੱਗ ਕੇ, ਗੁਰੂ ਦਾ ਨਾਮ ਸਿਮਰਨ ਕਰਕੇ ਜਨਮ ਮਰਨ ਮੁਕਤ ਹੋ ਜਾਂਦਾ ਹੈ। ਇਹੋ ਹੀ ਮਨੁੱਖੀ ਜਾਮੇ ਵਿੱਚ ਆਉਣ ਦਾ ਮਨੋਰਥ ਹੈ। ਇਸ ਦੀ ਪੂਰਤੀ ਦਾ ਵੀ ਢੰਗ ਦੱਸ ਦਿੱਤਾ। ਪਰ ਨਾਲ ਹੀ ਇਕੱਲਾ ਉਪਦੇਸ਼ ਨਾਲ ਹੀ ਜੋ ਕੁਝ ਕਿਹਾ ਉਹ ਕਰਕੇ ਵਿਖਾਇਆ, ਉਹ ਜੀਵਿਆ।

ਮੈਂ ਕੁਝ ਮਹਾਨ ਆਦਮੀਆਂ ਦੀਆਂ ਜੀਵਨੀਆਂ ਅਤੇ ਸਵੈ-ਜੀਵਨੀਆਂ ਪੜ੍ਹੀਆਂ ਜਿਨ੍ਹਾਂ ਤੋਂ ਮੈਨੂੰ ਆਪਣੀ ਜ਼ਿੰਦਗੀ ਦੀਆਂ ਤੰਗੀਆਂ, ਤਰੁਸ਼ੀਆਂ, ਔਕੜਾਂ ਨਾਲ ਸਿੱਝਣ ਲਈ ਬਲ ਮਿਲਿਆ, ਕੁਝ ਲੋਕਾਂ ਤੋਂ ਪ੍ਰੇਰਨਾ ਮਿਲੀ। ਇਹ ਵੀ ਮਹਿਸੂਸ ਕੀਤਾ ਕਿ ਇਹ ਦੁੱਖ ਤੁਹਾਨੂੰ ਇਕੱਲਿਆਂ ਨੂੰ ਹੀ ਨਹੀਂ ਹੋਰ ਵੀ ਲੋਕ ਤੁਹਾਡੇ ਨਾਲੋਂ ਵੱਧ ਦੁਖੀ ਨੇ। ਹੋਰ ਵੀ ਜ਼ਿੰਦਗੀ ਨਾਲ ਜੂਝ ਰਹੇ ਹਨ। ਕੁਝ ਜੂਝਦੇ ਹੋਏ ਦਮ ਤੋੜ ਗਏ। ਕੁਝ ਜੂਝਦੇ ਹੋਏ ਮੰਝਧਾਰ 'ਚ ਨਿਕਲ ਕੇ ਕਿਨਾਰੇ 'ਤੇ ਲੱਗ ਗਏ, ਜਿਥੇ ਫੇਰ ਜ਼ਿੰਦਗੀ ਸ਼ੁਰੂ ਕਰ ਲਈ। ਕੁਲਵੰਤ ਸਿੰਘ ਵਿਰਕ ਦੀ 'ਖੱਬਲ' ਕਹਾਣੀ ਵਿਚੋਂ ਪਾਕਿਸਤਾਨ ਬਣਨ ਨਾਲ ਪੰਜਾਬ ਦੀ ਕਿਸਾਨੀ ਅਤੇ ਹੋਰ ਲੋਕ ਜੋ ਲੱਖਾਂ ਦੀ ਗਿਣਤੀ ਵਿੱਚ ਬੇਦੋਸ਼ੇ ਮਾਰੇ ਗਏ ਅਤੇ ਲੱਖਾਂ ਹੋਰ ਵੀ ਉਜਾੜੇ ਦਾ ਸ਼ਿਕਾਰ ਹੋਏ, ਉਹਨਾਂ ਵਿਚੋਂ ਜਿਵੇਂ ਫਸਲ ਵਾਹੁਣ ਲੱਗੇ, ਕਿਸਾਨ ਖੱਬਲ ਨੂੰ ਵਾਹ ਕੇ, ਸੁਹਾਗ ਕੇ ਆਪਣੀ ਜਾਣੇ ਖ਼ਤਮ ਕਰ ਦਿੰਦਾ ਹੈ ਪਰ ਮੀਂਹ ਪੈਣ ਨਾਲ ਫੇਰ ਖੱਬਲ ਦੀ ਇਕ ਤਿੜ ਵੀ ਫੁੱਟ ਕੇ ਮੁੜ ਸਾਰੇ ਖੇਤ ਨੂੰ ਹਰਾ ਭਰਾ ਕਰ ਦਿੰਦੀ ਹੈ। ਇਹ ਕਹਾਣੀ ਬਹੁਤ ਮਾਯੂਸ ਹੋਏ ਲੋਕਾਂ ਨੂੰ ਪ੍ਰੇਰਿਤ ਕਰਦੀ ਹੈ। ਮੇਰੀ ਆਪਣੀ ਜ਼ਿੰਦਗੀ ਦੇ ਤਜਰਬੇ, ਔਕੜਾਂ, ਘੋਲ, ਦੁਸ਼ਵਾਰੀਆਂ ਮੈਂ ਆਪਣੇ ਪਾਠਕਾਂ ਨਾਲ ਅਤੇ ਮੇਰੇ ਵਰਗੇ ਹਾਲਾਤਾਂ ਵਿੱਚ ਵਿਚਰ ਰਹੇ ਪੇਂਡੂ ਗਰੀਬ ਕਿਸਾਨੀ, ਪਿਤਾ, ਦਾਦੇ ਦੀ ਗ਼ੈਰਹਾਜ਼ਰੀ ਵਿੱਚ ਜੂਝ ਰਹੇ ਲੋਕਾਂ ਲਈ ਇਕ ਉਦਾਹਰਨ ਸਾਂਝੀ ਕਰਨਾ ਚਾਹੁੰਦਾ ਹਾਂ। ਇਸ ਲਈ ਮੈਂ ਇਹ ਸਵੈ-ਜੀਵਨੀ ਲਿਖਣ ਲਈ ਹਿੰਮਤ ਕੀਤੀ। ਮੈਨੂੰ ਨਹੀਂ ਪਤਾ ਇਸ ਦਾ ਪਾਠਕਾਂ 'ਤੇ ਕੀ ਪ੍ਰਭਾਵ ਪਵੇਗਾ। ਮੈਂ ਕੋਈ ਬਹੁਤ ਵੱਡਾ ਅਧਿਕਾਰੀ, ਨੇਤਾ, ਲੇਖਕ, ਕਲਾਕਾਰ ਜਾਂ ਸਮਾਜ ਸੁਧਾਰਕ ਨਹੀਂ ਬਣ ਸਕਿਆ ਪਰ ਇੱਛਾ ਹਮੇਸ਼ਾ ਹੀ ਪ੍ਰਬਲ ਰਹੀ ਕਿ ਜਿਥੇ ਮੌਕਾ ਮਿਲੇ ਸਮਾਜ ਦੀ ਲੜਾਈ, ਪ੍ਰਸ਼ਾਸਨਿਕ ਲੜਾਈ ਵਿੱਚ ਕੁਝ ਸੁਚਾਰੂ ਯੋਗਦਾਨ ਪਾਇਆ ਜਾਵੇ; ਜਦੋਂ-ਜਦੋਂ ਤਵਾਰੀਖ਼ ਲਿਖਣ ਦਾ ਵੇਲ਼ਾ ਆਵੇ ਤਾਂ ਦਾਸ ਦਾ ਨਾਮ ਸੁਧਾਰਕਾਂ ਵਿੱਚ ਹੋਵੇ ਨਾ ਕਿ ਸਮਾਜ ਅਤੇ ਪ੍ਰਬੰਧਕਾਂ ਨੂੰ ਪ੍ਰਦੂਸ਼ਿਤ ਕਰਨ ਵਾਲਿਆਂ ਵਿੱਚ ਹੋਵੇ। ਮੈਨੂੰ ਜ਼ਿੰਦਗੀ ਦੇ ਹਰ ਖੇਤਰ ਵਿੱਚ ਵਿਚਰਣ ਦਾ ਮੌਕਾ ਮਿਲਿਆ, ਨਾਨਕੇ ਘਰ ਪ੍ਰਵਰਿਸ਼ ਹੋਣ ਦਾ, ਸਰਕਾਰੀ ਸਕੂਲ ਵਿੱਚ ਪੜ੍ਹਨ ਦਾ, ਪ੍ਰਾਈਵੇਟ ਪੜ੍ਹਨ ਦਾ, ਨੌਕਰੀ ਕਰਦੇ ਹੋਏ ਪੜ੍ਹਨ ਦਾ, ਪੜ੍ਹਦੇ ਹੋਏ ਸ਼ਰਾਰਤ ਕਰਕੇ ਸੱਟ ਖਾਣ ਦਾ, ਸੱਟ ਖਾ ਕੇ ਸਬਕ ਸਿੱਖਣ ਦਾ ਤੇ ਪੜ੍ਹਨ ਦਾ, ਅਨੇਕਾਂ ਨੌਕਰੀਆਂ ਮਿਲਣ ਦਾ, ਨੌਕਰੀਆਂ ਤੋਂ ਹਟਣ ਦਾ, ਪਿੰਡ ਦੇ ਸਰਪੰਚ, ਵਕੀਲ, ਸਰਕਾਰੀ ਵਕੀਲ,

ਸਿਆਸਤ, ਗੁਰਦਵਾਰਿਆਂ ਦੀ ਸੁਧਾਰਕ ਲਹਿਰ ਅਤੇ ਸਿਆਸਤ, ਪੱਤਰਕਾਰੀ, ਧਰਮ ਅਧਿਐਨ ਦੀ ਐੱਮ.ਏ.ਪੀਐਚ.ਡੀ., ਲੇਖਕ ਬਣਨ ਦਾ, ਲਗਾਤਾਰ 10 (ਦਸ ਸਾਲ) ਕਾਲਮਨਵੀਸ ਹੋਣ, ਪੀ.ਸੀ.ਐੱਸ. ਅਧਿਕਾਰੀ ਬਣ ਕੇ ਐੱਸ.ਡੀ.ਐੱਮ., ਏ.ਡੀ.ਸੀ. ਅਤੇ ਆਈ.ਏ.ਐੱਸ. ਬਣ ਕੇ ਡੀ.ਸੀ. ਅਤੇ ਕਈ ਮਹਿਕਮਿਆਂ ਦਾ ਮੁਖੀ ਹੋਣ ਤੱਕ ਦਾ ਸਫ਼ਰ। ਸ਼ਾਇਦ ਅਜਿਹਾ ਰੰਗ-ਬਰੰਗਾ ਸਫ਼ਰ ਤੇ ਤਜਰਬਾ ਹੋਰ ਮੇਰੇ ਕਿਸੇ ਸਾਥੀ ਦੇ ਹਿੱਸੇ ਨਹੀਂ ਆਇਆ। ਨੌਕਰੀ ਵਿੱਚ ਰਹਿ ਕੇ ਦਮ-ਖਮ (ਅਨਾੜੀਪੁਣੇ) ਨਾਲ ਲੜਾਈਆਂ ਲੜਨ ਦਾ ਮੌਕਾ, ਸਿਆਸਤ ਵਿਚੋਂ ਫੇਲ੍ਹ ਹੋਣ ਦੀ ਦਾਸਤਾਂ। ਮੈਨੂੰ ਇਹ ਸਾਰੇ ਤਜਰਬੇ ਸਾਂਝਾ ਕਰਨ ਦੀ ਕਾਫ਼ੀ ਚਿਰ ਦੀ ਉਡੀਕ ਸੀ, ਪਰ ਕਰੋਨਾ ਵਾਇਰਸ ਦੀ ਕਰਫ਼ਿਊ ਵਰਗੀ ਸਥਿਤੀ ਦੇ ਘਰ ਵਿੱਚ ਬਿਨਾਂ ਦੋਸ਼ ਤੋਂ ਕੈਦ, (ਇਕਾਂਤਵਾਸ) ਵਿੱਚ ਰਹਿ ਕੇ ਮੇਰੀ ਜ਼ਿੰਦਗੀ ਦੀ ਆਖ਼ਰੀ ਸੱਧਰ ਪੂਰੀ ਕਰ ਦਿੱਤੀ ਹੈ। ਮੈਂ ਇਸ ਕਿਤਾਬ ਵਿੱਚ ਕਾਫ਼ੀ ਹੱਦ ਤੱਕ ਸੱਚ ਕਹਿਣ ਦੀ ਹਿੰਮਤ ਕੀਤੀ ਹੈ ਪਰ ਜੋ ਕੁਝ ਨਹੀਂ ਕਹਿ ਸਕਿਆ, ਉਸ ਬਾਰੇ ਮਾਫ਼ੀ ਦਾ ਜਾਚਕ ਹਾਂ। ਝੂਠ ਬੋਲਣਾ ਮਾੜੀ ਗੱਲ ਐ ਪਰ ਕਦੇ-ਕਦੇ ਸੱਚ ਬੋਲਣ ਤੋਂ ਗੁਰੇਜ਼ ਕਰਨਾ ਵੀ ਲੋਕ ਹਿਤਾਂ ਵਿੱਚ ਹੁੰਦਾ ਐ।

ਦੁਨਿਆਵੀ ਖੇਤਰ ਵਿੱਚ ਵਿਚਰਦੇ ਕੋਈ ਆਦਮੀ ਸੰਪੂਰਨ ਨਹੀਂ ਹੁੰਦਾ। ਗਲਤੀਆਂ ਦਾ ਪੁਤਲਾ ਵੀ ਇਨਸਾਨ ਨੂੰ ਕਿਹਾ ਜਾਂਦੈ। ਲਾਰਡ ਟੈਨਿਸਨ ਨੇ ਲਿਖਿਆ ਹੈ ਕਿ ਚੰਗਾ ਸੁਭਾਅ ਤੇ ਚੰਗਾ ਕਿਰਦਾਰ ਰੱਖੋ, ਗਲਤੀਆਂ ਕਰਨਾ ਮਨੁੱਖ ਦੀ ਫ਼ਿਤਰਤ ਹੈ ਤੇ ਮਾਫੀ ਦੇਣਾ ਰੱਬ ਦਾ ਕਰਤਵ ਹੈ। ਹਰ ਬੰਦੇ ਦੇ ਕੁੱਝ ਮਿੱਤਰ ਹੁੰਦੇ ਨੇ ਜੋ ਔਖੇ ਵੇਲੇ ਉਸ ਦੀ ਮਦਦ, ਤੇ ਇਮਤਿਹਾਨ ਦੀ ਘੜੀ 'ਚ ਉਸ ਨੂੰ ਸੁਯੋਗ ਸਲਾਹ ਦਿੰਦੇ ਹਨ ਜੋ ਉਸ ਨੂੰ ਮੰਨ ਲੈਣੀ ਚਾਹੀਦੀ ਐ। ਇੰਝ ਹੀ ਮੇਰੇ ਕੁੱਝ ਮਿੱਤਰਾਂ ਨੂੰ ਮੈਂ ਇਹ ਹੱਕ ਦਿੱਤੇ ਹੋਏ ਨੇ ਕਿ ਉਹ ਮੈਨੂੰ ਜਿੱਥੇ ਠੀਕ ਸਮਝਣ ਟੋਕ ਸਕਦੇ ਨੇ, ਰੋਕ ਸਕਦੇ ਨੇ। ਕਾਫ਼ੀ ਸਾਰੀ ਤਰਮੀਮ ਉਹਨਾਂ ਦੀ ਹਦਾਇਤ ਵਰਜਣ 'ਤੇ ਕਰਨੀ ਪਈ। ਉਹ ਸਲਾਹ ਮੈਂ ਆਪਣੇ ਲਈ ਰੱਬੀ ਦਾਤ ਸਮਝਦਾ ਹਾਂ। ਕਿਸੇ ਸ਼ਾਇਰ ਦਾ ਕਥਨ ਐ ਕਿ ਐਨਾ ਸੱਚ ਨਾ ਬੋਲੀਂ ਕਿ ਚਾਰ ਬੰਦੇ ਰਹਿ ਜਾਣ ਅਰਥੀ ਚੁੱਕਣ ਲਈ। ਮੈਂ ਅਰਥੀ ਤੋਂ ਤਾਂ ਨਹੀਂ ਡਰਿਆ ਪਰ ਮਿੱਤਰਾਂ ਦੇ ਹੁਕਮ ਦੀ ਅਦੂਲੀ ਮੈਥੋਂ ਸਹਿਣ ਨਹੀਂ ਹੋਈ। ਕਰੋਨਾ ਵਾਇਰਸ ਦੌਰਾਨ ਮਰਨ ਵਾਲੇ ਮਰੀਜ਼ਾਂ ਦੀ ਅਰਥੀ ਨਾਲ ਉਹਨਾਂ ਦੇ ਪੁੱਤਰ, ਧੀ ਤੇ ਖ਼ੂਨ ਦੇ ਹੋਰ ਰਿਸ਼ਤੇਦਾਰ ਤੇ ਜਾਇਦਾਦ ਦੇ ਵਾਰਿਸ ਵੀ ਭੱਜ ਗਏ। ਇਹ ਭੁਲੇਖਾ ਵੀ ਦੂਰ ਹੋ ਗਿਆ। ਗੁਰਬਾਣੀ ਵਿੱਚ ਕਥਨ ਹੈ:

ਜੇ ਮਿਰਤਕ ਕਉ ਚੰਦਨ ਚੜਾਵੈ॥
ਉਸ ਤੇ ਕਹਹੁ ਕਵਨ ਫਲ ਪਾਵੈ॥
ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ॥
ਤਾਂ ਮਿਰਤਕ ਕਾ ਕਿਆ ਘਟਿ ਜਾਈ।

(ਗੁ. ਗ੍ਰੰ. ਸਾਹਿਬ, ਪੰਨਾ 1160)

ਜੇ ਮੈਂ ਕਿਸੇ ਪੱਧਰ 'ਤੇ ਪੂਰਾ ਸੱਚ ਨਹੀਂ ਬੋਲ ਸਕਿਆ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਮੈਂ ਝੂਠ ਬੋਲਿਆ ਹੈ। ਝੂਠ ਬੋਲਣ ਤੋਂ ਅਮਲੀ ਜੀਵਨ ਵਿੱਚ ਵੀ ਅਤੇ ਲੇਖਣੀ ਵਿੱਚ ਬਹੁਤ ਹੱਦ ਤੱਕ ਗੁਰੇਜ਼ ਕੀਤਾ ਹੈ। ਦਾਸ ਇਕ ਦੁਨਿਆਵੀ ਪ੍ਰਾਣੀ ਹੈ, ਕੋਈ ਬ੍ਰਹਮ ਗਿਆਨੀ ਜਾਂ ਸੰਤ ਨਹੀਂ, ਗ਼ਲਤੀਆਂ ਦਾ ਪੁਤਲਾ ਹੈ, ਹਰ ਘਟਨਾ ਅਤੇ ਸਥਿਤੀ 'ਚ ਕੁਝ ਸਿੱਖਣ ਦੀ ਕੋਸ਼ਿਸ਼ ਕੀਤੀ ਹੈ। ਜੇ ਮੇਰੀ ਇਸ ਔਕੜਾਂ ਭਰੀ ਜ਼ਿੰਦਗੀ 'ਚੋਂ ਇਕ ਵੀ ਜਿਓੜਾ ਕੁਝ ਸਕਾਰਾਤਮਕ ਅਸਰ ਕਬੂਲ ਕਰਕੇ ਆਪਣੇ ਜੀਵਨ ਦੀ ਚਾਲ-ਢਾਲ ਅਤੇ ਹੋਣੀ ਬਦਲਣ ਵਿੱਚ ਕਾਮਯਾਬ ਹੋ ਗਿਆ ਤਾਂ ਮੈਂ ਸਮਝਾਂਗਾ ਕਿ ਮੇਰਾ ਇਹ ਕਿਤਾਬ ਲਿਖਣ ਦਾ ਅਤੇ ਮੇਰੀ ਕੰਡਿਆਲੀ ਥੋਰ੍ਹ ਵਰਗੀ ਜ਼ਿੰਦਗੀ ਦਾ ਮਨੋਰਥ ਸਫਲ ਹੋ ਗਿਆ।

◆◆◆

ਅੰਕ-3

## ਜਨਮ ਅਤੇ ਖ਼ੂਨ ਦੇ ਕਤਰਿਆਂ ਦੀ ਵਿਰਾਸਤ

ਜੰਮਦੇ ਰੁੜ੍ਹੇ ਪਹਾੜੋਂ ਪੱਥਰ ਵਾਂਗੂੰ, ਜੀਹਦੀ ਨਾ ਕੋਈ ਚਾਲ ਨਾ ਰੁੱਖ ਮੀਆਂ।
ਜੀਹਦਾ ਜੀਅ ਕੀਤਾ ਠੁੱਡਾ ਮਾਰ ਦਿੱਤਾ, ਸੁਣੋ ਡਾਵਾਂਡੋਲ ਮਿੱਟੀ ਦਾ ਦੁੱਖ ਮੀਆਂ।

ਮੇਰੇ ਪਿਤਾ ਜੀ ਸ੍ਰੀ ਦਲੀਪ ਸਿੰਘ, ਮੇਰੇ ਦਾਦਾ ਜੀ ਸ੍ਰੀ ਲਹਿਣਾ ਸਿੰਘ ਜੀ ਦੇ ਪਲੇਠੇ ਤੇ ਲਾਡਲੇ ਸਪੁੱਤਰ ਸਨ। ਘਰ ਦੀ ਜ਼ਮੀਨ ਜਾਇਦਾਦ ਖੁੱਲ੍ਹੀ ਸੀ। ਸਾਡੇ ਕੋਲ ਸਾਡੀ ਸਿੱਧੂਆਂ ਦੀ ਪੱਤੀ 'ਚੋਂ ਸਭ ਤੋਂ ਵੱਧ ਸੀ। ਮੇਰੇ ਪਿਤਾ ਜੀ ਪਹਿਲਾਂ ਪਾਪੜਾ ਪਿੰਡ ਵਿੱਚ, ਮੂਣਕ ਦੇ ਨਜ਼ਦੀਕ ਵਿਆਹੇ ਸੀ, ਜਿਸ ਦੀ ਮੌਤ ਵਿਆਹ ਤੋਂ ਦੋ ਕੁ ਸਾਲ ਬਾਅਦ ਹੋ ਗਈ ਸੀ। ਕੋਈ ਔਲਾਦ ਨਹੀਂ ਸੀ। ਉਸ ਤੋਂ ਬਾਅਦ ਮੇਰੀ ਮਾਸੀ, ਮੇਰੀ ਮਾਤਾ ਜੀ ਦੀ ਵੱਡੀ ਭੈਣ ਦਲੀਪ ਕੌਰ ਨਾਲ ਵਿਆਹ ਹੋਇਆ, ਜਿਸ ਦੀ ਮੌਤ ਇਕ ਸਾਲ ਬਾਅਦ ਹੀ ਹੋ ਗਈ ਸੀ। ਮੇਰੇ ਨਾਨਾ ਸ੍ਰ. ਹਰੀ ਨੰਦ ਸਿੰਘ ਜੀ ਅਤੇ ਮੇਰੇ ਦਾਦਾ ਜੀ ਦੋਵੇਂ ਪਰਿਵਾਰ ਸੰਤ ਰਿਖਦੇਵ ਦੀ ਬ੍ਰੱਕਤ ਸੰਤਾਂ ਦੀ ਮੰਡਲੀ ਦੇ ਸ਼ਰਧਾਲੂ ਸਨ। ਮੇਰੇ ਨਾਨਾ ਜੀ ਦੇ ਚਾਚਾ, ਗੰਗ ਹਰੀ ਸ਼ਾਦੀ ਹੋਣ ਸਾਰ ਹੀ ਸੰਤ ਹੋ ਗਏ ਸੀ। ਉਹ ਵਿਆਹ ਤੋਂ ਬਾਅਦ ਕਦੇ ਘਰ ਹੀ ਨਹੀਂ ਆਇਆ। ਉਹ ਉੱਚ ਕੋਟੀ ਦੇ ਉੱਚੇ ਕਿਰਦਾਰ ਤੇ ਚਰਿੱਤਰ ਦੇ ਸੰਤ ਹੋਏ। ਬਹੁਤ ਸਾਰੀਆਂ ਸੰਤ ਮੰਡਲੀਆਂ ਬ੍ਰੱਕਤ ਕੁਟੀਆ ਵਾਲੇ ਮੰਡਲੀ ਵਾਲੇ ਸੰਤ ਜਾਂ ਉਹਨਾਂ ਕੋਲੋਂ ਪੜ੍ਹੇ ਸੀ ਜਾਂ ਉਹਨਾਂ ਦੀ ਮੰਡਲੀ ਨਾਲ ਰਹੇ ਸੀ। ਇਸ ਕਰਕੇ ਸਾਡੇ ਨਾਨਕੇ ਪਰਿਵਾਰ ਵਿੱਚ ਕੋਈ ਅੰਡਾ, ਮਾਸ, ਮੱਛੀ ਤੇ ਸ਼ਰਾਬ ਨਹੀਂ ਖਾਂਦਾ-ਪੀਂਦਾ ਸੀ। ਉਂਝ ਵੀ ਮਨੁੱਖੀ ਕਦਰਾਂ-ਕੀਮਤਾਂ ਦੇ ਨਾਲ਼-ਨਾਲ਼ ਕਿਰਤ ਕਰਨ, ਨਾਮ ਜਪਣ, ਪੁੰਨ ਧਰਮ ਕਰਨ ਦੇ ਵਿਚਾਰਾਂ ਦਾ ਅਮਲੀ ਰੂਪ ਵਿੱਚ ਧਾਰਨੀ ਸੀ। ਇਸ ਕਰਕੇ ਸੰਤ ਮੰਡਲੀਆਂ ਵਿੱਚ ਸਤਿਕਾਰ ਸੀ। ਮੇਰੇ ਦਾਦਾ ਜੀ ਸ੍ਰ. ਲਹਿਣਾ ਸਿੰਘ ਮੇਰੇ ਪੜਦਾਦਾ ਸ੍ਰ. ਮੋਦਨ ਸਿੰਘ ਦੇ ਇਕੱਲੇ ਸਪੁੱਤਰ ਸਨ। ਮੇਰੇ ਪਿਤਾ ਜੀ ਹੁਰੀਂ ਦੋ ਭਰਾ ਤੇ ਦੋ ਭੈਣਾਂ ਸਨ। ਮੇਰੇ ਪਿਤਾ ਜੀ ਸਭ ਤੋਂ ਵੱਡੇ ਸਨ। ਦਾਦਾ ਜੀ ਦੀ ਆਲੇ-ਦੁਆਲੇ ਪਿੰਡਾਂ ਵਿੱਚ ਇਕ ਸ਼ਰੀਫ਼, ਰੱਬ ਤੋਂ ਡਰਨ ਵਾਲਾ ਅਤੇ ਭਲਾ ਪੁਰਸ਼ ਹੋਣ ਦੀ ਪਹਿਚਾਣ ਸੀ। ਸੰਤਾਂ ਦੇ ਹਵਾਲੇ ਨਾਲ ਹੀ ਮੇਰੀ ਮਾਸੀ ਦਾ ਰਿਸ਼ਤਾ ਹੋਇਆ ਸੀ। ਮੇਰੇ ਪਿਤਾ ਜੀ ਸਭ ਕੁਝ ਖਾ ਪੀ ਲੈਂਦੇ ਸਨ ਬਲਕਿ ਖ਼ੁਦ ਸ਼ਿਕਾਰ ਖੇਡਣਾ, ਘੋੜੀ ਰੱਖਣਾ, ਸਰਦਾਰਾਂ ਦੇ ਲਾਡਲੇ ਪੁੱਤਾਂ ਵਾਲੇ ਸ਼ੌਕ ਸਨ। ਜਦੋਂ ਮੇਰੀ ਮਾਸੀ ਦੀ ਮੌਤ ਹੋ ਗਈ, ਮੇਰੇ ਦਾਦਾ ਜੀ ਨੇ ਮੇਰੇ ਨਾਨੇ 'ਤੇ ਜ਼ੋਰ ਪਾ ਕੇ ਮੇਰੀ ਮਾਤਾ ਜੀ ਦਾ ਰਿਸ਼ਤਾ ਮੰਗਿਆ। ਸੰਤਾਂ ਨੇ ਮੇਰੇ ਨਾਨਾ ਜੀ ਨੂੰ ਵਰਜਿਆ ਕਿ ਲੜਕੇ ਦੀਆਂ ਆਦਤਾਂ ਠੀਕ ਨਹੀਂ। ਪਹਿਲਾਂ ਪਤਾ ਨਹੀਂ ਸੀ, ਹੁਣ ਤੁਸੀਂ ਵਰਤ ਕੇ ਵੇਖ ਲਿਆ ਹੈ। ਇਸ ਲਈ ਹੁਣ ਇਹ ਗ਼ਲਤੀ ਨਾ ਕਰੋ। ਮੇਰੀ ਮਾਤਾ ਜੀ ਦਾ ਮੰਗਣਾ ਕੌਹਰੀਆ ਪਿੰਡ ਵਿੱਚ ਕੀਤਾ ਹੋਇਆ ਸੀ। ਮੇਰੇ ਦਾਦਾ ਜੀ ਨੇ ਮੇਰੇ ਨਾਨਾ ਜੀ ਨੂੰ ਜਜ਼ਬਾਤੀ ਕਰਕੇ, ਵਾਸਤੇ ਪਾ ਕੇ ਮੇਰੀ ਮਾਤਾ ਦਾ ਰਿਸ਼ਤਾ ਕੌਹਰੀਆ ਤੋਂ ਜਵਾਬ ਦੇ ਕੇ ਮੇਰੇ ਪਿਤਾ ਜੀ ਨਾਲ ਸ਼ਾਦੀ ਕਰ ਦਿੱਤੀ। ਮੇਰੇ ਪਿਤਾ ਜੀ ਦੀਆਂ ਕੁਝ ਗ਼ਲਤੀਆਂ ਕਾਰਨ, ਮੇਰੇ ਹੀ ਪਿੰਡ ਦੇ ਕੁਝ ਬੰਦਿਆਂ ਨੇ ਪਿੰਡ ਦੇ ਅਤੇ ਕੁਝ ਹੋਰ ਭਾੜੇ ਦੇ ਬੰਦੇ ਇਕੱਠੇ ਕਰਕੇ ਮੇਰੇ ਪਿਤਾ 'ਤੇ ਸਵੇਰੇ ਟੋਭੇ ਵੱਲ ਜਾਂਦੇ ਹੋਏ ਹਮਲਾ ਕਰ ਦਿੱਤਾ। ਮੇਰੇ ਦਾਦਾ ਜੀ ਨੂੰ ਪਤਾ ਲੱਗਿਆ, ਉਹ ਮੌਕੇ 'ਤੇ ਖ਼ਾਲੀ ਹੱਥ ਹੀ ਚਲੇ ਗਏ। ਉਹਨਾਂ ਨੂੰ ਆਸ ਹੀ ਨਹੀਂ ਸੀ ਕਿ ਉਹਨਾਂ 'ਤੇ ਵੀ ਕੋਈ ਹਮਲਾ ਕਰੇਗਾ। ਲੜਾਈ ਵਿੱਚ ਦੋਵੇਂ ਜ਼ਖ਼ਮੀ ਹੋ ਗਏ ਅਤੇ ਦੋਵਾਂ ਨੂੰ ਗੱਡਿਆਂ ਵਿੱਚ ਪਾ ਕੇ, ਰਸਤੇ ਵਿੱਚ ਸੂਲਰ ਪਿੰਡ, ਜਿੱਥੇ ਮੇਰੀ ਮਾਤਾ ਜੀ ਦੇ ਭੂਆ ਜੀ ਸ਼ਾਦੀਸ਼ੁਦਾ ਸਨ, ਘੋੜੀ 'ਤੇ ਇੱਕ ਬੰਦਾ ਪਹਿਲਾਂ ਭੇਜ ਕੇ, ਇੱਕ ਹੋਰ ਨਰੋਏ ਬਲਦਾਂ ਦੀ ਜੋੜੀ ਪਹਿਲਾਂ ਹੀ ਤਿਆਰ ਕੀਤੀ ਹੋਈ ਸੀ ਤਾਂ ਕਿ ਬਲਦਾਂ ਨੂੰ ਦਮ ਮਿਲਜੇ ਤੇ ਪੱਠੇ

ਖਾ ਲੈਣ। ਫੇਰ ਵੀ ਕੱਚੇ ਰਸਤੇ ਹੋਣ ਕਰਕੇ ਸਵੇਰ ਦੇ ਚੱਲੇ ਹੋਏ ਗੱਡੇ ਰਾਤ ਤੱਕ ਸੰਗਰੂਰ ਦੇ ਸਿਵਲ ਹਸਪਤਾਲ ਵਿੱਚ ਪਹੁੰਚੇ, ਜਿੱਥੇ ਉਹਨਾਂ ਦਾ ਇਲਾਜ ਤੇ ਡਾਕਟਰੀ ਮੁਆਇਨਾ ਹੋਇਆ। ਕੁੱਝ ਦਿਨ ਦੋਵੇਂ ਜਣੇ ਬਹੁਤ ਗੰਭੀਰ ਸੱਟਾਂ ਦੇ ਬਾਵਜੂਦ ਬੋਲਦੇ ਤੇ ਸਭ ਨੂੰ ਪਹਿਚਾਣਦੇ ਰਹੇ ਪਰ ਕੁਦਰਤ ਨੂੰ ਕੁੱਝ ਹੋਰ ਮਨਜ਼ੂਰ ਸੀ।

ਮੇਰੇ ਪਿਤਾ ਜੀ ਕੁਝ ਕੁ ਦਿਨਾਂ ਬਾਅਦ ਪੂਰੇ ਹੋ ਗਏ ਸਨ ਤੇ ਦਾਦਾ ਜੀ ਮਹੀਨੇ ਭਰ ਹਸਪਤਾਲ ਵਿੱਚ ਰਹੇ ਤੇ ਡਾਕਟਰ ਦੀ ਅਣਗਹਿਲੀ ਜਾਂ ਦੁਸ਼ਮਣਾਂ ਦੀ ਸਾਂਝ-ਗਾਂਠ ਸਦਕਾ ਉਹ ਵੀ ਚੱਲ ਵਸੇ। ਜਿੱਥੇ ਅਸੀਂ ਆਪਣੇ ਪਿਉ-ਦਾਦੇ ਦੀ ਜੱਦੀ ਜਾਇਦਾਦ ਦੇ ਵਾਰਿਸ ਬਣੇ ਉਥੇ ਨਾਲ਼ ਹੀ ਦੂਹਰੇ ਕਤਲਾਂ ਦੀ ਵਰਾਸਤ ਵੀ ਹਾਸਲ ਕੀਤੀ। ਜੱਟਾਂ ਦੇ ਵੈਰ ਸਭ ਤੋਂ ਖ਼ਤਰਨਾਕ ਹੁੰਦੇ ਨੇ। ਜੱਟ, ਸੱਪ ਤੇ ਝੋਟਾ ਵੈਰ ਨਹੀਂ ਖੋਂਦੇ। ਅਸੀਂ ਉਹ ਮਿੱਥ, ਮੇਰੇ ਨਾਨਾ ਜੀ ਦੀ ਸਿੱਖਿਆ ਸਦਕਾ ਝੂਠੀ ਸਾਬਤ ਕੀਤੀ।

ਮੇਰਾ ਜਨਮ ਪੈਪਸੂ ਸਟੇਟ ਦੇ ਪਿੰਡ ਲਾਡਬਣਜਾਰਾ ਕਲਾਂ ਵਿਖੇ 28 ਅਕਤੂਬਰ 1953 ਨੂੰ ਜੀਂਦ ਰਿਆਸਤ ਜੋ ਹੁਣ ਜ਼ਿਲ੍ਹਾ ਸੰਗਰੂਰ ਹੈ, ਵਿਚ ਹੋਇਆ। ਮੇਰੇ ਨਾਨਾ ਜੀ ਮੇਰੀ ਮਾਤਾ ਅਤੇ ਮੈਨੂੰ ਮੇਰੇ ਨਾਨਕੇ ਪਿੰਡ ਲੈ ਆਏ ਜਿੱਥੇ ਮੇਰੀ ਪਰਵਰਿਸ਼ ਹੋਈ। ਮੇਰੇ ਛੋਟੇ ਭਰਾ ਠਾਕੁਰ ਸਿੰਘ ਦਾ ਜਨਮ ਮੇਰੇ ਪਿਤਾ ਦੀ ਮੌਤ ਤੋਂ 2 ਮਹੀਨੇ ਬਾਅਦ ਹੋਇਆ। ਉਹਨਾਂ ਦਿਨਾਂ ਵਿੱਚ ਮੁਰੱਬੇਬੰਦੀ ਚੱਲ ਰਹੀ ਸੀ। ਜ਼ਮੀਨ 'ਤੇ ਕਬਜ਼ਾ ਕਰਨ ਅਤੇ ਖੇਤਾਂ ਦੀ ਸੰਭਾਲ ਤੇ ਹੱਦਬੰਦੀ ਕਰਨ ਲਈ ਮੇਰੇ ਨਾਨਾ ਜੀ ਨੂੰ ਦੋਵੇਂ ਪਿੰਡਾਂ ਵਿੱਚ ਖੇਤੀ ਕਰਨੀ ਪੈ ਰਹੀ ਸੀ। ਦੋਵੇਂ ਪਿੰਡਾਂ ਦਾ ਫ਼ਾਸਲਾ ਲੱਗਭੱਗ 15 ਕਿਲੋਮੀਟਰ ਦਾ ਸੀ। ਰਸਤੇ ਬੜੇ ਟੇਢੇ-ਮੇਢੇ ਸਨ। ਰਸਤਿਆਂ ਵਿੱਚ ਟਿੱਬੇ ਹੁੰਦੇ ਸੀ, ਜਿੱਥੋਂ ਦੀ ਗੱਡਾ ਲੰਘਣਾ ਵੀ ਮੁਸ਼ਕਲ ਹੁੰਦਾ ਜਾਂ ਪੈਦਲ ਜਾਂਦੇ। ਸਾਈਕਲ ਤੇ ਮੋਟਰ ਸਾਈਕਲ ਦਾ ਤਾਂ ਉਹਨਾਂ ਦਿਨਾਂ ਵਿੱਚ ਸੁਆਲ ਹੀ ਨਹੀਂ ਸੀ ਪੈਦਾ ਹੁੰਦਾ। ਇਸ ਕਰਕੇ ਮੇਰੇ ਪਿਤਾ ਜੀ ਕੋਲ ਘੋੜੀ ਰੱਖੀ ਹੋਈ ਸੀ। ਘੋੜੀ ਉਹਨਾਂ ਦਿਨਾਂ ਵਿੱਚ ਅਜੋਕੀ ਮਰਸਰੀ ਕਾਰ ਦੇ ਬਰਾਬਰ ਮੰਨੀ ਜਾਂਦੀ ਸੀ।

1959-60 ਵਿੱਚ ਜ਼ੋਰ ਦੇ ਮੀਂਹ ਪਏ, ਹੜ੍ਹ ਆਏ ਫ਼ਸਲਾਂ ਮਰ ਗਈਆਂ। ਸਾਡੇ ਤਿੰਨ ਖੇਤ ਸੀ ਜੋ ਨਹਿਰ ਅਤੇ ਕੱਸੀ ਦੇ ਨਾਲ਼ ਲੱਗਦੇ ਸੀ। ਸਾਡੀ ਸਾਰੀ ਫਸਲ ਹੜ੍ਹ ਦੀ ਮਾਰ ਤੋਂ ਬਚ ਗਈ ਸੀ ਪਰ ਨੰਬਰਦਾਰਾਂ ਅਤੇ ਪਟਵਾਰੀਆਂ ਨੇ ਸਾਰੇ ਪਿੰਡ ਦਾ ਸੌ ਫੀਸਦੀ ਖ਼ਰਾਬਾ ਲਿੱਖ ਦਿੱਤਾ ਸੀ, ਜਿਸ ਕਰਕੇ ਸਾਰੇ ਪਿੰਡ ਨੂੰ ਹੀ ਮੁਆਵਜ਼ਾ ਵੰਡਣ ਲਈ ਨਹਿਰੀ ਕੋਠੀ ਵਿਖੇ, ਮਾਲ ਅਧਿਕਾਰੀ ਪਹੁੰਚੇ ਹੋਏ ਸੀ। ਜਦੋਂ ਸਾਨੂੰ ਦੋਵੇਂ ਭਰਾਵਾਂ ਦੇ ਨਾਂ 'ਤੇ ਮੁਆਵਜ਼ੇ ਲਈ ਅਵਾਜ਼ ਪਈ ਤਾਂ ਮੇਰੇ ਨਾਨਾ ਜੀ ਸਾਨੂੰ ਨਾਲ਼ ਲੈ ਕੇ ਸਬੰਧਤ ਅਫ਼ਸਰ ਦੇ ਪੇਸ਼ ਹੋਏ ਤਾਂ ਮੇਰੇ ਨਾਨਾ ਜੀ ਨੇ ਮੁਆਵਜ਼ਾ ਲੈਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਸਾਡੀ ਫਸਲ ਨਹੀਂ ਮਰੀ। ਅਸੀਂ ਝੂਠ ਬੋਲ ਕੇ ਸਰਕਾਰ ਤੋਂ ਕੋਈ ਮੁਆਵਜ਼ਾ ਨਹੀਂ ਲੈਣਾ। ਭਾਵੇਂ 6-7 ਸਾਲ ਦੇ ਬੱਚੇ ਨੂੰ ਕੋਈ ਬਹੁਤੀ ਸੋਝੀ ਨਹੀਂ ਹੁੰਦੀ ਪਰ ਹਾਲਾਤ ਬੰਦੇ ਨੂੰ ਤਿੱਖਾ ਕਰ ਦਿੰਦੇ ਨੇ। ਪਿੰਡ ਦੇ ਲੋਕਾਂ 'ਤੇ ਵੀ ਅਫਸਰਾਂ ਦੇ ਜ਼ੋਰ ਲਾਉਣ 'ਤੇ ਉਹਨਾਂ ਨੇ ਮੁਆਵਜ਼ਾ ਨਹੀਂ ਲਿਆ।

ਜਦੋਂ ਅਸੀਂ ਮੂੰਹ ਹਨੇਰੇ ਘਰ ਮੁੜੇ ਤਾਂ ਨਾਨਾ ਜੀ ਨੇ ਦੱਸਿਆ ਕਿ ਸਰਕਾਰ ਆਪਾਂ ਨੂੰ ਕੁੱਝ ਪੈਸੇ ਫ਼ਸਲਾਂ ਦੇ ਨੁਕਸਾਨ ਦੇ ਮੁਆਵਜ਼ੇ ਵਜੋਂ ਦਿੰਦੀ ਸੀ, ਅਸੀਂ ਨਹੀਂ ਲਏ ਕਿਉਂਕਿ ਆਪਣੀ ਫ਼ਸਲ ਨਹੀਂ ਮਰੀ ਸੀ। ਉਹਨਾਂ ਕਿਹਾ ਕਿ ਆਪਣੇ ਹੱਕ 'ਤੇ ਖੜਨਾ ਹੀ ਠੀਕ ਹੁੰਦੈ। ਕਿਸੇ ਦਾ ਹੱਕ ਖਾਣਾ ਖ਼ੂਨ ਪੀਣ ਦੇ ਬਰਾਬਰ ਹੁੰਦੈ। ਉਹ ਗੱਲ ਮੇਰੇ ਜ਼ਿਹਨ ਵਿੱਚ ਟਿੱਬੇ 'ਤੇ ਪਈਆਂ ਕਣੀਆਂ ਦੀ ਗਿੱਲ ਵਾਂਗ ਗੱਡ ਗਈ। ਬਹੁਤ ਵਾਰੀ ਹੁਣ ਵੀ ਯਾਦ ਆਉਂਦੀ ਐ।

ਮੇਰੇ ਦਾਦਾ ਜੀ ਅਤੇ ਪਿਤਾ ਜੀ ਦੇ ਕਤਲ ਕੇਸ 'ਚੋਂ ਸਾਰੇ ਮੁਲਜ਼ਮ ਬਰੀ ਹੋ ਗਏ ਕਿਉਂਕਿ ਨਾ ਕੋਈ ਗਵਾਹ ਤੇ ਨਾ ਕੋਈ ਮੁਦਈ ਸੀ। ਸਭ ਕਾਗਜ਼ੀ ਕਾਰਵਾਈ ਪੂਰੀ ਭਾਵੇਂ ਹੋਈ ਪਰ ਸਾਡੇ ਦੇਸ਼ ਦੀ ਪੁਲਿਸ ਅਤੇ ਨਿਆਂ-ਪਾਲਕਾ ਦਾ ਪਹੀਆ ਬਹੁਤ ਧੀਮੀ ਗਤੀ ਨਾਲ਼ ਘੁੰਮਦਾ ਹੈ। ਅਦਾਲਤੀ ਪ੍ਰਣਾਲੀ ਵਿੱਚ ਵੀ ਸੱਚੇ ਕੇਸਾਂ ਨੂੰ ਸਾਬਤ ਕਰਨ ਲਈ ਝੂਠੇ ਗਵਾਹ ਤੇ ਸਬੂਤ ਦੇਣੇ ਪੈਂਦੇ ਨੇ।

◆◆◆

## ਅੰਕ-4

# ਹਾਦਸਾ ਦਰ ਹਾਦਸਾ

ਨਾਨਕਿਆਂ ਦੇ ਘਰ ਦੋਹਤੇ ਲਾਚੜ ਕਰਨ ਸ਼ਰਾਰਤ ਇੱਲਤ ਹੂ,
ਉਹਦੇ ਕੋਲੋਂ ਉਹੀਓ ਆਸਾਂ ਜਿਹਨੂੰ, ਮੋਹ ਦੀ ਮਿਲਦੀ ਖਿੱਲਤ ਹੂ।

ਉਹਨਾਂ ਦਿਨਾਂ ਵਿੱਚ ਮੁਰੱਬੇਬੰਦੀ ਚੱਲ ਰਹੀ ਸੀ। ਮੁਰੱਬੇਬੰਦੀ ਮੁਕੰਮਲ ਹੋਣ ਉਪਰੰਤ ਮੇਰੇ ਨਾਨਾ ਜੀ ਨੂੰ ਸਾਡੇ ਪਿੰਡ ਖੇਤੀ ਕਰਨ ਕਰਕੇ ਕਈ-ਕਈ ਦਿਨ ਆਪਣੇ ਪਿੰਡ ਤੋਂ ਗ਼ੈਰਹਾਜ਼ਰ ਰਹਿਣਾ ਪੈਂਦਾ। ਮੇਰਾ ਵੱਡਾ ਮਾਮਾ ਹਰੀ ਰਾਮ ਸਿੰਘ ਨੇ ਪਹਿਲੀ ਘਰ ਵਾਲੀ ਛੱਡ ਦਿੱਤੀ ਸੀ। ਦੂਸਰੀ ਵਾਰ ਵਿਆਹ ਕਰਵਾਇਆ। ਉਸ ਦੀ ਮੇਰੀ ਨਾਨੀ ਨਾਲ ਨਹੀਂ ਬਣੀ। ਅਕਸਰ ਦੋਵਾਂ ਸੱਸ-ਨੂੰਹਾਂ ਦਾ ਝਗੜਾ ਰਹਿੰਦਾ। ਨਾਨਾ ਜੀ ਨੂੰ ਸਾਡੀ ਜ਼ਮੀਨ ਦੀ ਸਾਂਭ-ਸੰਭਾਲ਼ ਕਰਨ ਲਈ ਸਾਡੇ ਪਿੰਡ ਵੀ ਜਾਣਾ ਪੈਂਦਾ। ਪਿਛੋਂ ਸੱਸ-ਨੂੰਹ ਦੀ ਜੰਗ ਲੱਗ ਜਾਂਦੀ। ਭਾਵੇਂ ਇਹ ਕੋਈ ਅਲੌਕਿਕ ਗੱਲ ਨਹੀਂ। ਹਰ ਘਰ ਦੀ ਕਹਾਣੀ ਐ। ਪੰਜਾਬੀ ਸਮਾਜ ਵਿੱਚ ਸੱਸ-ਨੂੰਹ, ਨਣਦ-ਭਰਜਾਈ ਤੇ ਜੇਠ-ਭਰਜਾਈ ਦੇ ਰਿਸ਼ਤੇ ਬੜੀ ਖਟਾਸ ਵਾਲੇ ਮੰਨੇ ਜਾਂਦੇ ਨੇ। ਅੱਧਾ ਸਾਹਿਤ, ਲੋਕ ਗੀਤ ਤੇ ਲੋਕ ਬੋਲੀਆਂ ਇਹਨਾਂ ਦੇ ਕਿੱਸਿਆਂ ਨਾਲ਼ ਭਰੀਆਂ ਪਈਆਂ ਨੇ।

ਅਖ਼ੀਰ ਮਾਮਾ ਜੀ ਨੂੰ ਅੱਡ ਕਰਤਾ। ਪਰਿਵਾਰਕ ਸੰਕਟ ਹੋਰ ਵੀ ਗਹਿਰਾ ਹੋ ਗਿਆ। ਜਦੋਂ ਬੰਦੇ 'ਤੇ ਦੁੱਖ ਆਉਂਦੇ ਨੇ, ਇਕੱਲੇ ਨਹੀਂ, ਇਕੱਠੇ ਹੋ ਕੇ ਆਉਂਦੇ ਨੇ ਤੇ ਕੱਲੇ-ਕੱਲੇ ਹੋ ਕੇ ਜਾਂਦੇ ਨੇ। ਆਦਮੀ ਦਾ ਅਸਲੀ ਕਿਰਦਾਰ ਦੁੱਖ ਵਿੱਚ ਹੀ ਉੱਘੜਦਾ ਹੈ। ਜੀਵਨ ਸਾਦਾ ਸੀ, ਲੋੜਾਂ ਸੀਮਤ ਸਨ, ਇਛਾਵਾਂ ਤੇ ਲਾਲਸਾਵਾਂ ਤਾਂ ਉੱਕਾ ਹੀ ਨਹੀਂ ਸਨ। ਨਾਨਾ ਜੀ ਸਾਦਾ ਜੀਵਨ ਜਿਊਣ ਦੇ ਧਾਰਨੀ ਸਨ। ਫੇਰ ਇਕ ਹੋਰ ਸੰਕਟ ਅਤੇ ਇਮਤਿਹਾਨ ਦੀ ਘੜੀ ਆਈ, ਮੇਰੇ ਦਾਦਕਿਆਂ ਵਾਲੇ ਪਾਸਿਓਂ ਇਹ ਦਬਾਅ ਪਾ ਰਹੇ ਸਨ ਕਿ ਮੇਰੀ ਮਾਤਾ ਜੀ ਨੂੰ ਮੇਰੇ ਚਾਚਾ ਜੀ ਦੇ ਲੜ ਲਾ ਦਿੱਤਾ ਜਾਵੇ। ਮੇਰੇ ਚਾਚਾ ਜੀ ਦੇ ਉਸ ਵੇਲੇ ਦੋ ਬੱਚੇ ਸਨ। ਉਸ ਵੇਲੇ ਸੰਤ ਰਿਖਦੇਵ ਜੀ ਨੇ ਮੇਰੇ ਨਾਨਾ ਜੀ ਨੂੰ ਇਕ ਕਿਸਮ ਦਾ ਫ਼ਤਵਾ ਹੀ ਸੁਣਾ ਦਿੱਤਾ, ਕਿਹਾ "ਹਰੀ ਨੰਦ ਸਿਆਂ ਜੋ ਕੰਡੇ ਤੇਰੇ ਕੋਲ ਬੀਜੇ ਗਏ ਨੇ, ਉਹ ਏਥੇ ਹੀ ਚੁੱਗ ਲੈ, ਹੋਰ ਅਗਲੇ ਜਨਮ ਲਈ ਨਾ ਬੀਜ। ਉੱਥੇ ਤੇਰੀ ਲੜਕੀ ਦੀ ਹਾਲਤ ਨੌਕਰਾਣੀ ਵਾਲੀ ਤੇ ਤੇਰੇ ਮਸੂਮ ਦੋਹਤਿਆਂ ਦੀ ਹਾਲਤ ਨੌਕਰਾਂ ਵਾਲੀ ਹੋਊ। ਬੱਚਿਆਂ ਨੂੰ ਆਪਣੇ ਕੋਲ ਰੱਖ ਕੇ ਪੜ੍ਹਾ ਲਿਖਾ ਅਤੇ ਸੰਸਕਾਰ ਤੇ ਚੰਗੇ ਕਿਰਦਾਰ ਦੇ ਮਾਲਕ ਬਣਾ। ਇਹਨਾਂ ਦੀ ਜ਼ਮੀਨ ਜਾਇਦਾਦ ਸੰਭਾਲ। ਉੱਥੇ ਰਹਿਣਗੇ ਤਾਂ ਵੱਡੇ ਹੋਣ ਸਾਰ ਦੁਸ਼ਮਣੀ ਦਾ ਬਦਲਾ ਲੈਣ ਦੇ ਰਸਤੇ ਪੈਣਗੇ। ਮੇਰੇ ਨਾਨਾ ਜੀ ਨੇ ਸੰਤਾਂ ਦੀ ਗੱਲ ਮੰਨ ਲਈ। ਸਾਨੂੰ ਦੋਵੇਂ ਭਰਾਵਾਂ ਨੂੰ ਆਪਣੇ ਕੋਲ ਰੱਖ ਕੇ, ਜਦੋਂ 4- 5 ਸਾਲ ਦੇ ਹੋਏ, ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ।

ਮੈਂ ਜਦੋਂ ਤੀਜੀ-ਚੌਥੀ ਵਿੱਚ ਹੋਇਆ ਤਾਂ ਮੈਨੂੰ ਪਤਾ ਲੱਗਿਆ ਕਿ ਮੇਰੇ ਪਿਤਾ ਜੀ ਅਤੇ ਦਾਦਾ ਜੀ ਦਾ ਕਤਲ ਹੋਇਆ ਸੀ। ਇਸ ਕਰਕੇ ਸਾਨੂੰ ਨਾਨਕੇ ਪਿੰਡ ਵਿੱਚ ਲਿਆਂਦਾ ਗਿਆ ਹੈ। ਮੈਂ ਕਦੇ-ਕਦੇ ਮੇਰੇ ਨਾਨਾ ਜੀ ਨੂੰ ਪੁੱਛਦਾ ਕਿ ਮੇਰੇ ਪਿਤਾ ਜੀ ਅਤੇ ਦਾਦਾ ਜੀ ਦਾ ਕਤਲ ਕਿਸ ਨੇ ਕੀਤਾ, ਕਿਉਂ ਕੀਤਾ ? ਮੈਂ ਵੱਡਾ ਹੋ ਕੇ ਜੱਜ ਬਣ ਕੇ ਸਾਰੇ ਦੋਸ਼ੀਆਂ ਨੂੰ ਫਾਂਸੀ 'ਤੇ ਲਮਕਾਉਣ ਤੱਕ ਉਹਨਾਂ ਦਾ ਪਿੱਛਾ ਕਰੂੰ। ਮੇਰੇ ਨਾਨਾ ਜੀ ਮੇਰਾ ਇਹ ਜਵਾਬ ਸੁਣ ਕੇ ਮੈਨੂੰ ਦੱਸਦੇ ਕਿ ਜੱਜ ਬਣਨ ਲਈ ਬਹੁਤ ਪੜ੍ਹਾਈ ਤੇ ਮਿਹਨਤ ਦੀ ਲੋੜ ਐ। ਬਾਕੀ ਸਾਰੀਆਂ ਗੱਲਾਂ ਛੱਡ ਕੇ ਵਕਾਲਤ ਪਾਸ ਕਰ ਫੇਰ ਜੱਜ ਬਣ ਕੇ ਸਜ਼ਾ ਦੇਵੀਂ, ਇਹ ਸਿਆਣੀ ਗੱਲ ਐ। ਉਹ ਮੈਨੂੰ ਵਾਰ-ਵਾਰ ਇਹ ਕਿਹਿ ਕੇ ਪ੍ਰੇਰਨਾ ਦਿੰਦੇ ਕਿ ਜਿਸ ਸੰਤ ਨੇ ਤੇਰੀ ਜਨਮ ਕੁੰਡਲੀ ਬਣਾਈ ਸੀ ਉਸ ਨੇ ਵੀ ਕਿਹਾ ਸੀ ਕਿ ਇਹ ਬੱਚਾ ਵੱਡਾ ਹੋ ਕੇ ਜੱਜ ਜਾਂ ਡੀਸੀ ਬਣੂ। ਉਹਨਾਂ

ਹਰ ਵਾਰ ਇਹ ਉਪਦੇਸ਼ ਦੇ ਕੇ ਮੈਨੂੰ ਪੜ੍ਹਾਈ ਵਾਲੇ ਪਾਸੇ ਸੁਮੱਤ ਦੇਣੀ। ਕਈ ਵਾਰ ਮੈਂ ਰੋ ਪੈਂਦਾ। ਮੈਂ ਆਪਣੇ ਪਿਤਾ ਜੀ ਦੀ ਫੋਟੋ ਵੇਖਣ ਦੀ ਜ਼ਿੱਦ ਕਰਦਾ ਪਰ ਉਹਨਾਂ ਦਿਨਾਂ ਵਿੱਚ ਪਿੰਡਾਂ 'ਚ ਕੌਣ ਫੋਟੋ ਖਿੱਚਵਾਉਂਦਾ ਸੀ। ਉਹਨਾਂ ਦੱਸਣਾ ਕਿ ਫੋਟੋ ਕੋਈ ਨਹੀਂ ਮਿਲਦੀ। ਮੈਨੂੰ ਚੁੱਪ ਕਰਾਉਣ ਲਈ ਮੇਰੇ ਨਾਨਾ ਜੀ ਖ਼ੁਦ ਵੀ ਅੱਖਾਂ ਭਰ ਲੈਂਦੇ। ਨਾਨਾ ਜੀ ਨੇ ਕਹਿਣਾ ਕਿ ਤੁਸੀਂ ਅਜੇ ਪੜ੍ਹੋ ਪਰਮਾਤਮਾ ਉਹਨਾਂ ਨੂੰ ਆਪੇ ਸਜ਼ਾ ਦਿਊ। ਕੁਦਰਤ ਹਮੇਸ਼ਾ ਇਨਸਾਫ਼ ਕਰਦੀ ਐ। ਬੰਦਾ ਭਾਵੇਂ ਇਨਸਾਫ਼ ਨਾ ਕਰ ਸਕੇ, ਉਹ ਮੈਨੂੰ ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ ਦਾ ਪਾਠ ਕਰਨ ਲਈ ਆਖਦੇ। ਮੈਂ ਬਚਪਨ ਵਿੱਚ ਜਪੁਜੀ ਸਾਹਿਬ ਦਾ ਪਾਠ ਜ਼ੁਬਾਨੀ ਕੰਠ ਕਰ ਲਿਆ ਸੀ।

ਜਦੋਂ ਮੈਂ ਛੇਵੀਂ 'ਚ ਪੜ੍ਹਦਾ ਸੀ ਮੇਰੇ ਛੋਟੇ ਮਾਮੇ ਖੀਵਾ ਸਿੰਘ ਦੀ ਥਰੈਸ਼ਰ 'ਚ ਆ ਕੇ ਬਾਂਹ ਕੱਟ ਗਈ। ਜਦੋਂ ਮੈਂ ਦਸਵੀਂ 'ਚ ਪੜ੍ਹਦਾ ਸੀ ਮੈਂ ਜਾਮਣ ਦੇ ਦਰੱਖਤ ਤੋਂ ਡਿੱਗ ਕੇ ਲੱਤ ਤੁੜਵਾ ਬੈਠਾ ਸੀ। ਦਸਵੀਂ ਜਮਾਤ 'ਚ ਉਮਰ ਬੜੀ ਖ਼ਤਰਨਾਕ ਹੁੰਦੀ ਐ, ਉਹ ਵੀ ਉਸ ਮੁੰਡੇ ਦੀ ਜਿਸ ਦੇ ਸਿਰ 'ਤੇ ਪਿਉ-ਦਾਦਾ ਨਾ ਹੋਣ। ਇਹ ਉਹ ਉਮਰ ਹੁੰਦੀ ਐ ਜਦੋਂ ਬੰਦੇ ਨੂੰ ਦਿਨ ਵੇਲੇ ਸੁਪਨੇ ਆਉਂਦੇ ਨੇ। ਜੇ ਕੋਈ ਗਾਉਣ ਵਾਲਾ ਵੇਖ ਲਿਆ ਤਾਂ ਗਾਉਣ ਦਾ ਝੱਲ, ਜੇ ਕੋਈ ਖੇਡਾਂ ਵਾਲਾ ਵੇਖ ਲਿਆ ਤਾਂ ਖੇਡਾਂ ਦਾ ਝੱਲ ਚੜ੍ਹਦਾ ਐ। ਕਦੇ ਜੱਜ, ਵਕੀਲ, ਡਾਕਟਰ, ਪੁਲਿਸ ਤੇ ਫੌਜ ਦਾ ਅਫ਼ਸਰ ਬਣਨ ਦੇ ਸੁਪਨੇ ਲੈਂਦਾ ਐ। ਦਸਵੀਂ ਤੋਂ ਬਾਅਦ ਵੱਖਰੀਆਂ-ਵੱਖਰੀਆਂ ਜ਼ਿੰਦਗੀ ਦੇ ਦਰਿਆ 'ਚੋਂ ਖਿਆਲਾਂ ਦੀਆਂ ਨਹਿਰਾਂ ਨਿਕਲਦੀਆਂ ਨੇ। ਉਸ ਵੇਲੇ ਕੋਈ ਇੱਕ ਰਾਹ ਚੁਣਨਾ ਵੀ ਜ਼ਰੂਰੀ ਹੁੰਦੈ।

ਮੇਰੇ ਸ਼ੌਕ ਖੇਡਾਂ, ਡਰਾਇੰਗ, ਗਾਉਣ ਦਾ, ਕਿਧਰੇ ਨਹਿਰਾਂ ਦਾ ਐੱਸ.ਡੀ.ਓ. ਬਣਨ ਦਾ ਸੀ। ਮੇਰੇ ਸੱਟ ਲੱਗਣ ਕਾਰਨ ਦਸਵੀਂ ਪ੍ਰਾਈਵੇਟ ਕਰਨੀ ਪਈ। ਉਸ ਵੇਲੇ ਕੋਈ ਘਰ ਵਿੱਚ ਜਾਂ ਰਿਸ਼ਤੇਦਾਰੀ ਵਿੱਚ ਕੈਰੀਅਰ ਦੀ ਸਲਾਹ ਦੇਣ ਵਾਲਾ ਨਹੀਂ ਸੀ। ਪ੍ਰਾਈਵੇਟ ਹੋਣ ਕਰਕੇ ਸਾਇੰਸ ਦਾ ਵਿਸ਼ਾ ਛੱਡਣਾ ਪੈ ਗਿਆ। ਇੰਜਨੀਅਰ ਬਣਨ ਤੇ ਡਾਕਟਰ ਬਣਨ ਵਾਲੀ ਰੋਡ ਬਲਾਕ ਹੋਗੀ। ਸੱਟ ਲੱਗਣ ਕਰਕੇ ਖੇਡਾਂ, ਪੁਲਿਸ ਤੇ ਫੌਜ ਦੇ ਰਸਤੇ ਬੰਦ। ਦਸਵੀਂ ਪਾਸ ਕਰਕੇ ਵਾਇਆ ਬਠਿੰਡਾ ਬੀ. ਏ. ਦੇ ਰਾਹ ਤੁਰ ਪਏ। ਬੀ.ਏ. 'ਚ ਅੰਗਰੇਜ਼ੀ ਸਾਹਿਤ ਤੇ ਪਬਲਿਕ ਐਡਮਨਿਸਟਰੇਸ਼ਨ ਵਿਸ਼ੇ ਲਏ, ਨਾਲ਼ ਹੀ 18 ਸਾਲ ਚਾਰ ਮਹੀਨੇ ਦੀ ਉਮਰ 'ਚ ਹੀ ਬੈਂਕ ਦੇ ਬਾਬੂ ਲੱਗ ਗਏ। ਜੇ ਬਾਬੂ ਨਾ ਲਗਦਾ ਤੇ ਰੈਗੂਲਰ ਕਾਲਜ 'ਚ ਪੜ੍ਹਨ ਲੱਗਦਾ ਤਾਂ ਸ਼ਾਇਦ ਨਕਸਲਬਾੜੀ ਬਣ ਜਾਂਦਾ। ਉਹਨਾਂ ਦਿਨਾਂ 'ਚ ਸਾਡੇ ਮਾਲਵਾ ਖੇਤਰ ਦੇ ਮਾਨਸਾ, ਸੁਨਾਮ, ਬਰਨਾਲਾ, ਬੁਢਲਾਡਾ, ਬਠਿੰਡਾ, ਨਿਆਲ, ਪਾਤੜਾਂ ਨਕਸਲਬਾੜੀ ਲਹਿਰ ਦੀਆਂ ਨਰਸਰੀਆਂ ਸਨ। ਮੇਰੇ ਛੋਟੇ ਭਰਾ ਦੇ ਕੋਲ ਵੀ ਕੁੱਝ ਕਿਤਾਬਾਂ ਤੇ ਹੱਥ ਲਿਖਤਾਂ ਮੈਂ ਵੇਖੀਆਂ, ਉਸ ਨੂੰ ਸਮਝਾਇਆ ਤੇ ਰੋਕਿਆ। ਫੇਰ ਇੱਕ ਇਹ ਧਾਰਨਾ ਬਣ ਗਈ ਕਿ ਜੇ ਮੁੰਡਾ 25 ਸਾਲ ਤੱਕ ਕਾਮਰੇਡ ਨਹੀਂ ਬਣਿਆ ਤਾਂ ਉਸ ਅੰਦਰ ਦਿਲ ਨਹੀਂ ਜੇ 35 ਸਾਲ ਤੱਕ ਵੀ ਕਾਮਰੇਡ ਐ ਤਾਂ ਉਸ ਅੰਦਰ ਦਿਮਾਗ ਨਹੀਂ। ਮੈਂ ਆਪਣੇ ਕੁੱਝ ਹਾਣੀ ਉਮਰ ਦੇ ਢਲਦੇ ਪਰਛਾਵੇਂ ਵੇਲੇ ਆਪਣੇ ਮਾਰਗ ਦਰਸ਼ਕ ਅਧਿਆਪਕਾਂ ਨੂੰ ਇਹ ਸੁਆਲ ਕਰਦੇ ਵੇਖੇ ਸੁਣੇ ਕਿ ਇਨਕਲਾਬ ਤਾਂ ਭੂਰੇ ਕੁੱਬਿਆਂ ਦੇ ਟਿਬਿੱਆਂ ਦੀ ਹਨੇਰੀ 'ਚ ਹੀ ਫਸ ਕੇ ਰਹਿ ਗਿਆ, ਅਸੀਂ ਜ਼ਿੰਦਗੀਆਂ ਬਰਬਾਦ ਕਰ ਲਈਆਂ ਤਾਂ ਜਵਾਬ ਮਿਲਦਾ ਸੀ ਕਿ ਪੂੰਜੀਵਾਦੀ ਤੇ ਫਾਸੀਵਾਦੀ ਤਾਕਤਾਂ ਨੇ ਕਿਰਤੀ ਕਾਮੇ ਵਿਦਿਆਰਥੀ ਤੇ ਬੁੱਧੀਜੀਵੀ ਪਦਾਰਥਵਾਦ ਦੇ ਨਸ਼ੇ 'ਤੇ ਲਾ ਕੇ ਇਨਕਲਾਬ ਤੋਂ ਕੁਰਾਹੇ ਪਾ ਦਿੱਤੇ। ਉਸ ਵੇਲੇ ਵੀ ਜਵਾਬ ਕੁਰਾਹੇ ਪਾਉਣ ਵਾਲਾ ਹੀ ਸੀ। ਕਾਫੀ ਨੌਜਵਾਨ ਪੁਲਿਸ ਦੇ ਤਸ਼ੱਦਦ ਨਾਲ਼ ਨਕਾਰੇ ਹੋ ਗਏ, ਕੁੱਝ ਪੁਲਿਸ ਮੁਕਾਬਲੇ ਕਰਕੇ ਮਾਰ ਦਿੱਤੇ ਗਏ।

ਮੈਨੂੰ ਘਰ ਵਿਚੋਂ ਅਤੇ ਸੰਤਾਂ ਮਹਾਤਮਾ ਦੀ ਸੰਗਤ ਤੇ ਪ੍ਰੇਰਨਾ 'ਚੋਂ ਹਿੰਸਾ ਨਾਲ਼ ਨਫਰਤ ਹੋ ਗਈ ਸੀ। ਭਾਵੇਂ ਪਾਠਕ ਮੇਰੇ ਬਾਰੇ ਜੋ ਮਰਜ਼ੀ ਸੋਚਣ ਮੇਰੀ ਸੋਚ ਕਿਸੇ ਮਾਰਕਸ ਲੈਨਿਨ ਜਾਂ ਮਾਓ ਤੋਂ ਵੱਖਰੀ ਮਾਨਵਵਾਦੀ ਰਹੀ ਜਿਸ 'ਤੇ ਅੱਜ ਤੱਕ ਅਡੋਲ ਪਹਿਰਾ ਵੀ ਦਿੱਤਾ।

◆◆◆

## ਅੰਕ 5
# ਸਾਈਕਲ ਦਾ ਪੰਗਾ

ਅਸੀਂ ਕਾਹਦਾ ਕਰੀਏ ਮਾਣ ਵੇ ਲੋਕਾ, ਸਾਡਾ ਤਾਂ ਸਫ਼ਰ ਹੈ ਓਝੜ ਰਾਹਾਂ ਦਾ।
ਨਾ ਸਾਡੇ ਪੁਰਖੇ ਕਦੀ ਅਮੀਰ ਹੋਏ, ਨਾ ਕਦੇ ਪੁਸ਼ਤ ਪਨਾਹ ਸੀ ਸ਼ਾਹਾਂ ਦਾ।

ਆਪਣੇ ਪਿੰਡ ਸੰਗਤੀਵਾਲਾ ਦੇ ਪ੍ਰਾਇਮਰੀ ਸਕੂਲ ਤੋਂ ਪੰਜਵੀਂ ਜਮਾਤ ਪਾਸ ਕਰਕੇ ਸਰਕਾਰੀ ਹਾਈ ਸਕੂਲ ਭਾਈ ਕੀ-ਪਸ਼ੌਰ ਵਿਚ ਮੈਂ ਛੇਵੀਂ ਜਮਾਤ ਵਿਚ ਦਾਖ਼ਲਾ ਲੈ ਲਿਆ ਸੀ, ਇਸ ਸਕੂਲ ਵਿਚ ਆਲੇ-ਦੁਆਲੇ ਦੇ ਛਾਹੜ, ਸੇਖੂਵਾਸ, ਨੰਗਲਾ, ਘੋੜੇਨਬ ਅਤੇ ਸਾਡੇ ਪਿੰਡ ਦੇ ਬੱਚੇ ਪੜ੍ਹਨ ਆਉਂਦੇ ਸੀ। ਭਾਵੇਂ ਸਾਰੇ ਬੱਚਿਆਂ ਕੋਲ ਸਕੂਲ ਜਾਣ ਲਈ ਸਾਈਕਲ ਨਹੀਂ ਸਨ ਪਰ ਫੇਰ ਵੀ ਹਰ ਪਿੰਡ ਵਿਚੋਂ 2-4 ਬੱਚੇ ਸਾਈਕਲ ਲੈ ਕੇ ਆਉਂਦੇ ਸਨ। ਸਕੂਲ ਵਿਚ ਮਾਸਟਰ ਵੀ ਅੱਧੇ ਤੋਂ ਵੱਧ ਪਿੰਡ ਭਾਈ-ਕੀ-ਪਸ਼ੌਰ ਦੇ ਹੀ ਸਨ ਅਤੇ ਕੁਝ ਕੁ ਮਾਸਟਰ ਬਾਹਰੋਂ ਲਾਗਲੇ ਪਿੰਡਾਂ ਵਿਚੋਂ ਆਉਂਦੇ ਸਨ। ਬਾਕੀ ਦੇ ਦੂਰ ਦੁਰਾਡਿਓਂ ਹੋਣ ਕਰਕੇ ਅਤੇ ਉਹਨਾਂ ਦਿਨਾਂ ਵਿਚ ਬੱਸਾਂ ਦੀ ਆਵਾਜਾਈ ਅਤੇ ਸੜਕਾਂ ਦੀ ਘਾਟ ਕਾਰਨ ਭਾਈ-ਕੀ-ਪਸ਼ੌਰ ਪਿੰਡ ਵਿਚ ਹੀ ਕਿਰਾਏ 'ਤੇ ਮਕਾਨ ਲੈ ਕੇ ਰਹਿੰਦੇ ਸਨ। ਭਾਈ- ਕੀ- ਪਸ਼ੌਰ ਪਿੰਡ ਦੇ ਲੋਕ ਕਾਫੀ ਪੜ੍ਹੇ ਲਿਖੇ ਤੇ ਅਫ਼ਸਰ ਲੱਗੇ ਹੋਏ ਸਨ। ਆਲੇ-ਦੁਆਲੇ ਦੇ ਹੋਰ ਪਿੰਡਾਂ ਦੇ ਨਿਸਬਤ ਇਥੇ ਪੜ੍ਹਾਈ ਦੀ ਸਹੂਲਤ ਅਤੇ ਸੂਝ-ਬੂਝ ਕੁਝ ਵੱਧ ਸੀ। ਜਿਹੜੇ ਮਾਸਟਰ ਸਕੂਲ ਵਿਚ ਪੜ੍ਹਾਉਂਦੇ ਸਨ ਉਹਨਾਂ ਵਿਚੋਂ ਕੁਝ ਕੁ ਤਾਂ ਅਜਿਹੇ ਸਨ ਜੋ ਗਲ ਵਿਚ ਲੰਮਾ ਝੋਲਾ ਪਾ ਕੇ ਬਹੁਤਾ ਸਮਾਂ ਟੀਚਰ ਯੂਨੀਅਨ ਦੇ ਕੰਮਾਂ ਵਿਚ ਮਸ਼ਰੂਫ਼ ਰਹਿੰਦੇ ਸਨ, ਤੇ ਕੁਝ ਕੁ ਟੀਚਰ ਪਿੰਡ ਵਿਚ ਸ਼ਾਮ ਸਵੇਰੇ ਟਿਊਸ਼ਨ ਦਾ ਧੰਦਾ ਕਰਦੇ ਸਨ। ਚਲੋ ਭਾਵੇਂ ਉਹ ਟਿਊਸ਼ਨਾਂ ਦੇ ਪੈਸੇ ਲੈਂਦੇ ਸਨ ਪਰ ਘੱਟੋ-ਘੱਟ ਪੇਂਡੂ ਇਲਾਕੇ ਵਿਚ ਇਹ ਸਹੂਲਤ ਪੈਸੇ ਦੇ ਕੇ ਵੀ ਹਾਸਲ ਹੋਣੀ ਇਕ ਗ਼ਨੀਮਤ ਸੀ। ਮਾਸਟਰਾਂ ਦੀ ਇਕ ਉਹ ਕਿਸਮ ਵੀ ਸੀ ਜਿਹੜੇ ਵੱਧ ਸਮਾਂ ਪਿੰਡ ਦੇ ਸ਼ਰਾਬ ਦੇ ਠੇਕੇ ਵਿਚ ਹੀ ਲੰਘਾਉਂਦੇ ਸਨ ਅਤੇ ਕੁਝ ਸਾਲਾਂ ਬਾਅਦ ਉਹਨਾਂ ਵਿਚੋਂ ਦੋ ਮਾਸਟਰਾਂ ਨੇ ਰਲ ਕੇ ਖ਼ੁਦ ਹੀ ਸ਼ਰਾਬ ਦਾ ਠੇਕਾ ਹੋਰ ਆਦਮੀ ਦੇ ਨਾਮ 'ਤੇ ਬੇਨਾਮੀ ਲੈ ਲਿਆ। ਉਹ ਵੀ ਸਕੂਲ ਦੇ ਮੁੱਖ ਗੇਟ ਦੇ ਐਨ ਸਾਹਮਣੇ। ਪਿੰਡਾਂ ਦੇ ਸਕੂਲ ਵਿਚ ਹੈਡ ਮਾਸਟਰ ਤਾਂ ਸੁਖ ਨਾਲ ਹੁੰਦਾ ਹੀ ਨਹੀਂ। ਜਿਸ ਸੱਜਣ ਕੋਲ ਹੈਡ ਮਾਸਟਰ ਦਾ ਚਾਰਜ ਦਿੱਤਾ ਹੁੰਦਾ ਸੀ ਉਹ ਆਪਣੇ ਹੋਰ ਸਮਾਜਿਕ ਅਤੇ ਰਾਜਨੀਤਕ ਧੰਦਿਆਂ ਵਿਚ ਰੁੱਝਿਆ ਰਹਿੰਦਾ ਸੀ। ਸਕੂਲ ਵਿਚ ਉਸ ਦੀ ਹਾਜ਼ਰੀ ਘੱਟ ਤੇ ਹੋਰ ਕੰਮਾਂ ਵਿਚ ਵੱਧ ਹੁੰਦੀ ਸੀ। ਜਿਹੜੇ ਮਾਸਟਰ ਖੇਤੀਬਾੜੀ ਦਾ ਕੰਮ ਵੀ ਨਾਲ-ਨਾਲ ਕਰਦੇ ਸਨ, ਉਹ ਸਵੇਰੇ-ਸਵੇਰੇ ਝੋਨੇ ਨੂੰ ਪਾਣੀ ਲਾਉਣ ਲਈ ਕਹੀ ਮੋਢੇ 'ਤੇ ਰੱਖ ਕੇ ਖੇਤ ਵੱਲ ਹੁੰਦੇ। ਜਦੋਂ ਸਕੂਲ ਦੀ ਘੰਟੀ ਵੱਜਦੀ, ਉਹਨਾਂ ਦੇ ਖੇਤ ਸਕੂਲ ਦੇ ਨੇੜੇ ਹੋਣ ਕਰਕੇ ਸਕੂਲ ਦੀ ਘੰਟੀ ਸੁਣਾਈ ਦਿੰਦੀ ਸੀ। ਉਹ ਉਵੇਂ ਦੇ ਉਵੇਂ ਹੀ ਕਹੀ ਸੁੱਟ ਕੇ ਖੇਤੋਂ ਸਿੱਧੇ ਹੀ ਸਕੂਲ ਵਿਚ ਆਪਣੀ ਹਾਜ਼ਰੀ ਲਾਉਣ ਲਈ ਪੁੱਜ ਜਾਂਦੇ। ਉਹਨਾਂ ਦੇ ਪੈਰ ਮਿੱਟੀ ਨਾਲ ਲਿਬੜੇ, ਪੱਗ ਢਿੱਲੀ, ਕਮੀਜ਼ ਤੇ ਪੈਂਟ ਦੀ ਜਾਂ ਪਜਾਮੇ ਦੀ ਕਰੀਜ਼ ਤਾਂ ਸਮਝੋ ਹੋਣੀ ਹੀ ਕੀ ਸੀ, ਉਹ ਦੇਖਣ-ਪਾਖਣ ਤੋਂ ਵੀ ਮਾਸਟਰ ਨਹੀਂ ਬਲਕਿ ਖੇਤੀ ਕਰਨ ਵਾਲੇ ਸੰਦ ਲਗਦੇ ਸਨ।

ਚਲੋ ਖੈਰ, ਕੰਮ ਕਰਨਾ ਕੋਈ ਮਾੜੀ ਗੱਲ ਨਹੀਂ। ਕਿਰਤ ਇਨਸਾਨ ਦੇ ਹੱਥਾਂ ਦਾ ਗਹਿਣਾ ਹੁੰਦੀ ਹੈ ਪਰ ਉਨ੍ਹਾਂ ਤੋਂ ਆਸ ਇਹ ਰੱਖੀ ਜਾਂਦੀ ਸੀ ਕਿ ਬੱਚਿਆਂ ਲਈ ਇਹ ਰੋਲ ਮਾਡਲ ਬਣਨ। ਉਹ ਭਾਵੇਂ ਰੋਲ ਮਾਡਲ ਤਾਂ ਨਹੀਂ ਪਰ ਮਾਡਲ ਜ਼ਰੂਰ ਬਣੇ ਹੋਏ ਸਨ। ਹਰ ਸਾਲ ਜ਼ਮੀਨ ਦਾ ਕਿੱਲਾ ਕਿਸੇ ਹੋਰ ਜ਼ਿਮੀਂਦਾਰ ਦਾ ਬੈਅ ਜਾਂ ਆੜ (ਰਹਿਣ) ਲੈ ਲੈਂਦੇ ਤੇ ਵਿਆਜ 'ਤੇ ਪੈਸੇ ਦਿੰਦੇ। ਇਹ ਧੰਦਾ ਸਹਿਜ ਸੁਭਾਅ ਹੀ ਚਲਦਾ ਸੀ। ਇਕ ਸੱਜਣ ਉਹ ਵੀ ਸਨ ਜਿਹੜੇ

ਐਮ.ਏ.ਬੀ.ਐੱਡ.ਮਾਸਟਰ ਸਨ। ਅੰਗਰੇਜ਼ੀ ਪੜ੍ਹਾਉਣ ਲਈ ਨੌਵੀਂ ਜਮਾਤ ਮਿਲ ਗਈ ਤਾਂ ਉਹ ਜਦੋਂ ਕਿਤਾਬ ਪੜ੍ਹਾਉਂਦੇ ਜਾਂ ਟਰਾਂਸਲੇਸ਼ਨ ਕਰਾਉਂਦੇ ਤਾਂ ਵੱਡੇ ਹਾਜ਼ਰੀ ਰਜਿਸਟਰ ਵਿਚ (ਗਾਈਡ) ਕੁੰਜੀ ਨਾਲ ਰੱਖ ਲੈਂਦੇ। ਕਈ ਵਾਰੀ ਇਹ ਨਕਲ ਦੀ ਕਾਰਵਾਈ ਜੱਗ ਜ਼ਾਹਰ ਵੀ ਹੋ ਜਾਂਦੀ। ਪਰ ਉਨ੍ਹਾਂ ਦੇ ਦਿਲ ਦਿਮਾਗ 'ਤੇ ਕੋਈ ਵਹਿਮ, ਡਰ ਜਾਂ ਭੁਲੇਖਾ ਨਹੀਂ ਸੀ।

ਇਕ ਦਿਨ ਸਾਡੀ ਕਲਾਸ ਵਿਚ ਇਕ ਮਾਸਟਰ ਜੀ ਨੇ ਉਹ ਬੱਚੇ ਖੜ੍ਹੇ ਕਰ ਲਏ ਜੋ ਬਾਹਰਲੇ ਪਿੰਡਾਂ ਵਿਚੋਂ ਆਉਂਦੇ ਸਨ ਅਤੇ ਉਹ ਬੱਚੇ ਖੜ੍ਹੇ ਰਹਿਣ ਦਾ ਹੁਕਮ ਹੋਇਆ ਜਿਹੜੇ ਸਾਈਕਲ ਲੈ ਕੇ ਆਏ ਸਨ। ਫੇਰ ਉਨ੍ਹਾਂ 'ਚੋਂ ਵੀ ਉਹ ਖੜ੍ਹੇ ਰਹਿਣ ਲਈ ਕਿਹਾ ਗਿਆ ਜਿਨ੍ਹਾਂ ਦੇ ਸਾਈਕਲਾਂ ਦੇ ਪਿਛੇ ਕੈਰੀਅਰ ਲੱਗੇ ਹੋਏ ਸਨ। ਮੇਰੇ ਸਾਈਕਲ ਦੇ ਅਤੇ ਦੋ ਹੋਰ ਸ਼ੇਖੂਵਾਸ ਪਿੰਡ ਦੇ ਮੁੰਡਿਆਂ ਦੇ ਸਾਈਕਲਾਂ 'ਤੇ ਕੈਰੀਅਰ ਲੱਗੇ ਹੋਏ ਸਨ। ਸਾਡੇ ਮਾਸਟਰ ਜੀ ਨੇ ਸਾਨੂੰ ਆਪਣੀ ਜੇਬ ਵਿਚੋਂ ਤਿੰਨਾਂ ਨੂੰ ਵੀਹ-ਵੀਹ ਰੁਪਏ ਕੱਢ ਕੇ ਦਿੰਦੇ ਹੋਏ ਕਿਹਾ, "ਬੇਟਾ। ਤੁਸੀਂ ਕੱਲ੍ਹ ਨੂੰ ਸਵੇਰੇ ਲਹਿਰਾਗਾਗਾ ਪੈਟਰੋਲ ਪੰਪ ਤੋਂ ਡੀਜ਼ਲ ਦੀਆਂ ਕੇਨੀਆਂ ਲੈ ਕੇ ਆਉਣੀਆਂ ਹਨ। ਕੇਨੀਆਂ ਮੇਰੇ ਘਰੋਂ ਅੱਜ ਜਾਂਦੇ ਹੋਏ ਲੈ ਜਾਣਾ। ਹਾਜ਼ਰੀ ਦੀ ਫਿਕਰ ਨਾ ਕਰਨਾ ਮੈਂ ਆਪੇ ਹੀ ਖ਼ਿਆਲ ਰੱਖਾਂਗਾਂ। ਅਸੀਂ ਪੈਸੇ ਲੈ ਲਏ ਤੇ ਮਾਸਟਰ ਜੀ ਦੇ ਘਰੋਂ ਕੇਨੀਆਂ ਚੁੱਕ ਕੇ ਅਗਲੇ ਦਿਨ ਲਹਿਰੇਗਾਗੇ ਤੋਂ ਡੀਜ਼ਲ ਲੈਣ ਲਈ ਚੱਲ ਪਏ। ਡੀਜ਼ਲ ਦੇ ਪੰਪ 'ਤੇ ਵੱਡੀਆਂ-ਵੱਡੀਆਂ ਲਾਈਨਾਂ ਲੱਗੀਆਂ ਹੋਈਆਂ ਸਨ। ਸਾਡੇ ਸਕੂਲ ਦੀਆਂ ਵਰਦੀਆਂ ਪਾਈਆਂ ਹੋਈਆਂ ਸਨ। ਕਿਸੇ ਭਲੇ ਪੁਰਸ਼ ਨੇ ਕਿਹਾ ਕਿ ਇਹ ਨਿੱਕੇ ਬੱਚੇ ਸਕੂਲ ਤੋਂ ਆਏ ਹਨ। ਸਕੂਲ ਵਿਚ ਡੀਜ਼ਲ ਦੀ ਲੋੜ ਹੋਵੇਗੀ ਇਨ੍ਹਾਂ ਦੀ ਵਾਰੀ ਪਹਿਲਾਂ ਲਾ ਦਿਉ। ਖੈਰ ਸਾਡੀ ਮਾਸੂਮੀਅਤ 'ਤੇ ਤਰਸ ਖਾਂਦੇ ਹੋਏ ਸਾਨੂੰ ਡੀਜ਼ਲ ਪਾਉਣ ਦੀ ਵਾਰੀ ਪਹਿਲਾਂ ਲੱਗ ਗਈ। ਅਸੀਂ ਡੀਜ਼ਲ ਪਵਾ ਕੇ ਆਪੋ ਆਪਣੇ ਸਾਈਕਲਾਂ 'ਤੇ ਚੱਲ ਪਏ।

ਮੈਂ ਆਪਣੇ ਪਿੰਡ ਵੱਲ ਦੀ ਆਉਂਦਾ ਹੋਇਆ ਸਿੱਧਾ ਪਟੜੀ ਪੈ ਗਿਆ। ਰਸਤੇ ਵਿਚ ਅੜਕਬਾਸ ਪਿੰਡ ਦੇ ਪੁਲ ਕੋਲ ਹੀ ਮੇਰੇ ਸਾਈਕਲ ਦੀ ਟਾਇਰ ਵਿਚ ਕੋਈ ਮੇਖ ਖੁੱਭਣ ਕਾਰਨ ਪੈਂਚਰ ਹੋ ਗਿਆ। ਸਾਈਕਲ ਦੀ ਫੂਕ ਨਿਕਲ ਗਈ ਤੇ ਨਾਲ ਹੀ ਮੇਰੀ ਵੀ ਫੂਕ ਨਿਕਲ ਗਈ। ਗਰਮੀ ਦਾ ਮਹੀਨਾ, ਪਿਛੇ ਡੀਜ਼ਲ ਦੀ ਕੇਨੀ ਲੱਦੀ ਹੋਈ ਸੀ। ਮੈਂ ਆਲੇ- ਦੁਆਲੇ ਅਤੇ ਅੱਗੇ-ਪਿੱਛੇ ਰੋਣਹਾਕਾ ਹੋਇਆ ਝਾਕ ਰਿਹਾ ਸੀ।

ਮੇਰੇ ਚੰਗੇ ਭਾਗਾਂ ਨੂੰ ਪਿਛੋਂ ਨਹਿਰ ਦੀ ਪਟੜੀ 'ਤੇ ਧੂੜ ਉਡਦੀ ਨਜ਼ਰ ਪੈ ਗਈ। ਮੈਂ ਸਾਈਕਲ ਇਕ ਪਾਸੇ ਕਰਕੇ ਖੜ੍ਹਾ ਹੋ ਗਿਆ। ਜਦੋਂ ਵੇਖਿਆ ਤਾਂ ਇਕ ਟਰੈਕਟਰ ਟਰਾਲੀ ਆਉਂਦਾ ਨਜ਼ਰੀਂ ਪੈ ਗਿਆ। ਉਹ ਟਰੈਕਟਰ ਵੀ ਰੱਬ ਸਬੱਬੀਂ ਸਾਡੀ ਰਿਸ਼ਤੇਦਾਰੀ ਵਿਚੋਂ ਛਾਜਲੀ ਪਿੰਡ ਤੋਂ ਚੌਧਰੀਆਂ ਦਾ ਸੀ। ਉਸ ਮੁੰਡੇ ਨੂੰ, ਜੋ ਟਰੈਕਟਰ ਖ਼ੁਦ ਹੀ ਚਲਾ ਰਿਹਾ ਸੀ, ਮੇਰਾ ਗਰਮੀ ਨਾਲ ਮੂੰਹ ਲਾਲ ਹੋਇਆ ਤੇ ਪਸੀਨਾ-ਪਸੀਨਾ ਸਰੀਰ ਵੇਖ ਕੇ ਤਰਸ ਆਇਆ। ਉਹ ਬੋਲਿਆ, "ਓਏ ਭੂਰੇ ਤੂੰ ਕਿੱਧਰ ਫਿਰਦਾ ਹੈਂ? ਸਕੂਲ ਨਹੀਂ ਗਿਆ ਅੱਜ? ਕੀਹਦੀ ਕੇਨੀ ਚੁੱਕੀ ਫਿਰਦਾ ਹੈਂ?" ਮੈਂ ਉਸਨੂੰ ਸਾਰੀ ਦਾਸਤਾਨ ਦੱਸੀ। ਉਸਨੇ ਮੇਰਾ ਸਾਈਕਲ ਤੇ ਕੇਨੀ ਟਰਾਲੀ ਵਿਚ ਰੱਖ ਲਏ। ਉਹ ਆਪਣੇ ਆਪ ਹੀ ਬੋਲਣ ਲੱਗਿਆ, "ਮਾਸਟਰ ਕਿੰਨੇ ਬੇਫਿਕਰ, ਨਿਰਦਈ ਅਤੇ ਢੀਠ ਹਨ। ਬੱਚਿਆਂ 'ਤੇ ਕਿੰਨਾ ਜ਼ੁਲਮ ਕਰਦੇ ਹਨ। ਇਹ ਮਾਸਟਰ ਨਹੀਂ, ਜਲਾਦ ਹਨ।"

ਮੈਨੂੰ ਕਹਿਣ ਲੱਗਾ, "ਚੱਲ ਅੱਜ ਤੇਰੇ ਸਕੂਲ 'ਚ ਹੀ ਸਿੱਧੇ ਚਲਦੇ ਆਂ। ਸਾਰੇ ਮਾਸਟਰਾਂ ਨੂੰ ਇਕੱਠੇ ਕਰਕੇ ਪੁੱਛਾਂਗੇ ਤੁਸੀਂ ਸਕੂਲ ਵਿਚ ਪੜ੍ਹਾਉਂਦੇ ਹੋ ਜਾਂ ਬੱਚਿਆਂ ਤੋਂ ਵਗਾਰ ਕਰਾਉਂਦੇ ਹੋ? ਐਨੇ ਨਿਰਦਈ ਤਾਂ ਪੁਲਸੀਏ ਵੀ ਨਹੀਂ ਹੁੰਦੇ। ਜੇਲ ਵਾਲੇ ਵੀ ਨਬਾਲਗ ਬੱਚਿਆਂ ਤੋਂ ਮੁਸ਼ੱਕਤ ਨਹੀਂ ਲੈਂਦੇ।" ਉਹ ਜੋ ਜੀਅ ਆਵੇ ਬੋਲੀ ਜਾਵੇ। ਮੈਂ ਇਕ ਚੁੱਪ ਸੌ ਸੁਖ ਵਾਲੀ ਨੀਤੀ ਧਾਰ ਲਈ। ਉਂਝ ਮੈਂ ਬੋਲਦਾ ਵੀ ਕੀ? ਨਾ ਤਾਂ ਮੈਂ ਮਾਸਟਰ ਜੀ ਨੂੰ ਗਾਲਾਂ ਕੱਢ ਸਕਦਾ ਸੀ ਅਤੇ ਨਾ ਹੀ ਮੈਂ ਉਸ ਦੇ ਹੱਕ ਵਿਚ ਕੁੱਝ ਕਹਿ ਸਕਦਾ ਸੀ। ਉਹ ਪੰਜ ਮਿੰਟ ਬੋਲ ਕੇ ਚੁੱਪ ਕਰ ਗਿਆ। ਹੋਰ ਗੱਲਾਂ 'ਚ ਪੈ

ਗਿਆ। ਕਦੇ-ਕਦੇ ਨਹਿਰ ਦੇ ਕਿਨਾਰੇ ਟਰੈਕਟਰ ਚਲਾਉਂਦਾ ਹੋਇਆ ਮਿਰਜ਼ੇ ਦੀਆਂ ਹੇਕਾਂ, ਕਦੇ ਵਾਰਸ ਸ਼ਾਹ ਦੀ ਹੀਰ ਦੇ ਕਿੱਸੇ ਦੇ ਟੋਟਕੇ ਜਾਂ ਬੈਂਤ, ਕਦੇ ਜੱਟਾ ਤੇਰੀ ਜੂਨ ਬੁਰੀ, ਜੋ ਮੂੰਹ ਆਉਂਦਾ ਕਹਿ ਛਡਦਾ। ਅਸੀਂ ਸਿੱਧੇ ਨਹਿਰ ਦੇ ਰਸਤੇ ਮੇਰੇ ਪਿੰਡ ਪੁੱਜ ਗਏ।

ਉਹ ਮੈਨੂੰ ਘਰ ਤੱਕ ਛੱਡ ਕੇ ਗਿਆ। ਨਾਲੇ ਮੇਰੇ ਮਾਮਾ ਜੀ ਨੂੰ ਕਹਿਣ ਲੱਗਾ ਜੋ ਸਬੱਬ ਨਾਲ ਉਸ ਵੇਲੇ ਘਰ ਹੀ ਸਨ, "ਬਾਈ ਜੀ ਆਹ ਦੇਖ ਲੈ ਭੂਰੇ ਨੂੰ ਮੈਂ ਅੜਕ ਬਾਸ ਦੇ ਪੁਲ ਕੋਲੋਂ ਬਿਠਾ ਕੇ ਲਿਆਂਦਾ ਹੈ। ਮਾਸਟਰ ਜਵਾਕਾਂ ਤੋਂ ਤੇਲ ਢੁਆਈ ਜਾਂਦੇ ਨੇ। ਇਹਨੂੰ ਪਾੜ੍ਹੂਆਂ ਜਿਹਾ ਨੂੰ ਜੇ ਮਾੜਾ ਜਿਹਾ ਬਰਸੀਨ ਦੇ ਰੁੱਗ ਲਾਉਣ ਨੂੰ ਜਾਂ ਮੱਝਾਂ ਨੂੰ ਖੋਲ੍ਹ ਤੇ ਪਾਣੀ ਪਲਾਉਣ ਲਈ ਕਦੇ ਕਹੋਂ ਤਾਂ ਝੱਟ ਕਿਤਾਬ ਚੁੱਕ ਲੈਣਗੇ। ਕਹਿਣਗੇ ਅਸੀਂ ਤਾਂ ਸਕੂਲ ਦਾ ਕੰਮ ਕਰਨਾ ਹੈ। ਪਤੰਦਰ, ਮਾਸਟਰਾਂ ਦੇ ਮੂਹਰੇ ਭਿੱਜੀ ਬਿੱਲੀ ਬਣ ਜਾਂਦੇ ਨੇ।" ਮੇਰੇ ਮਾਮਾ ਜੀ ਨੇ ਚੌਧਰੀਆਂ ਦੇ ਮੁੰਡੇ ਨੂੰ ਕਿਹਾ, "ਬਾਈ ਜੀ! ਜੇ ਆਪਾਂ ਮਾਸਟਰਾਂ ਦੇ ਮੂਹਰੇ ਬੋਲਦੇ ਸੀ, ਕਿਸੇ ਦਾ ਰੋਅਬ ਨਹੀਂ ਝਲਦੇ ਸੀ। ਆਹ ਵੇਖ ਲੈ ਫੇਰ ਫਿਰਦਿਆਂ ਡੰਡੇ ਵਜਾਉਂਦੇ ਤੇ ਮਿੱਟੀ ਨਾਲ ਮਿੱਟੀ ਹੁੰਦੇ। ਇਹ ਮੁੰਡਾ ਪੜ੍ਹਨ ਨੂੰ, ਲੜਨ ਨੂੰ ਅਤੇ ਸ਼ਰਾਰਤ ਨੂੰ ਤੇ ਜੇ ਆਖੇ ਲੱਗ ਜਾਵੇ ਤਾਂ ਕੰਮ ਨੂੰ ਵੀ ਇਕ ਨੰਬਰ 'ਤੇ ਹੈ। ਜੇ ਦੋ ਅੱਖਰ ਪੜ੍ਹ ਲਏ ਤਾਂ ਰੋਟੀ 'ਤੇ ਲੱਗ ਜੂ, ਮੌਜਾਂ ਲਊ। ਕੋਈ ਨਾ ਫਿਕਰ ਨਾ ਕਰ, ਮੈਂ ਹੀ ਮਾਸਟਰਾਂ ਨੂੰ ਸਕੂਲ ਜਾ ਕੇ ਉਲਾਂਭਾ ਦੇਵਾਂਗਾ।" ਚੌਧਰੀਆਂ ਦਾ ਮੁੰਡਾ ਕਹਿਣ ਲੱਗਾ, "ਬਾਈ ਜੀ ਹੁਣ ਜੱਟ ਨੂੰ ਤਾਂ ਨੌਕਰੀ ਮਿਲਦੀ ਨਹੀਂ। ਜੇ ਲੱਗਿਆ ਵੀ ਤਾਂ ਵੱਧ ਤੋਂ ਵੱਧ ਸਿਪਾਹੀ ਜਾਂ ਬੱਸ ਦਾ ਕੰਡਕਟਰ ਲੱਗ ਜਾਊ। ਰੋਜ਼ ਘਰੋਂ ਖਾਣ ਨੂੰ ਦਾਣੇ ਮੰਗੂ।" ਮੈਂ ਕਿਹਾ, "ਮੈਂ ਤਾਂ ਡੀ.ਸੀ. ਬਣੂ।" ਉਸਨੇ ਮੂਹਰੋਂ ਨਿਹੋਰਾ ਮਾਰਦੇ ਹੋਏ ਕਿਹਾ, "ਤੂੰ ਡੀ.ਸੀ. ਨਾ ਕਿਤੇ ਕੁਝ ਹੋਰ ਬਣੇਗਾ। ਜੇ ਇਸ ਤਰ੍ਹਾਂ ਹੀ ਮਾਸਟਰਾਂ ਦੀਆਂ ਕੇਨੀਆਂ ਢੋਈਆਂ ਤਾਂ ਦਸਵੀਂ ਵੀ ਪਾਸ ਨਹੀਂ ਹੋਣੀ।" ਮੈਂ ਫੇਰ ਕਿਹਾ, "ਇਹ ਮੇਰਾ ਵਿਸ਼ਵਾਸ ਹੈ ਕਿ ਮੈਂ ਤੁਹਾਨੂੰ ਕੁਝ ਨਾ ਕੁਝ ਬਣ ਕੇ ਵਿਖਾਵਾਂਗਾਂ। ਅੱਜ ਤੁਹਾਡੀ ਮੱਦਦ ਜੋ ਤੁਸੀਂ ਮੇਰੇ ਲਈ ਮਾਰੂਥਲ ਵਿਚ ਤੜਫਦੇ ਮਿਰਗ ਲਈ ਕੂਲ ਬਣ ਕੇ ਸਾਬਤ ਹੋਏ, ਮੈਂ ਇਸ ਦਾ ਅਹਿਸਾਨ ਨਹੀਂ ਭੁੱਲਦਾ।" ਮੈਂ ਉਸਨੂੰ ਵਿਸ਼ਵਾਸ ਦੁਆਇਆ।" ਇਹ ਕਹਾਣੀ ਤੇ ਉਸ ਦੀਆਂ ਗੱਲਾਂ ਹਮੇਸ਼ਾ ਮੇਰੇ ਸੀਨੇ ਵਿੱਚ ਤਾਜ਼ਾ ਰਹਿਣਗੀਆਂ।"

ਉਸਨੇ ਹੱਸ ਕੇ ਫੇਰ ਕਿਹਾ, "ਓਹ ਬੱਲਿਆ! ਤੂੰ ਅਜੇ ਬਹੁਤ ਨਿੱਕਾ ਹੈਂ ਅਹਿਸਾਨ ਕਾਹਦਾ। ਬੱਸ ਤੂੰ ਪੜ੍ਹ ਜਾ। ਅੱਜ ਤੋਂ ਮੁੜ ਕੇ ਜੇ ਮੈਂ ਤੈਨੂੰ ਮਾਸਟਰਾਂ ਦਾ ਡੀਜ਼ਲ ਢੋਂਦਾ ਵੇਖ ਲਿਆ ਤੈਨੂੰ ਉਥੇ ਹੀ ਫੜ ਕੇ ਕੁੱਟਣ ਲੱਗ ਪਊਂ ਤੇ ਨਾਲੇ ਮਾਸਟਰ ਦੀ ਚਮੜੀ ਲਾਹ ਦਿਊਂ।" ਉਹਨਾਂ ਨੂੰ ਮੇਰੇ ਮਾਮਾ ਜੀ ਨੇ ਸ਼ਾਂਤ ਕੀਤਾ। ਉਹ ਚਾਹ-ਪਾਣੀ ਪੀ ਕੇ ਚਲਿਆ ਗਿਆ। ਮੈਂ ਅਗਲੇ ਦਿਨ ਸਕੂਲ ਗਿਆ। ਇਕ ਦਿਨ ਮੇਰੀ ਗੈਰਹਾਜ਼ਰੀ ਰਹੀ। ਮੈਂ ਮਾਸਟਰ ਜੀ ਨੂੰ ਪੈਂਚਰ ਵਾਲੀ ਸਾਰੀ ਕਹਾਣੀ ਦੱਸੀ। ਉਸਨੇ ਕੋਈ ਖਾਸ ਨੋਟਿਸ ਨਾ ਲਿਆ। ਦੂਸਰੇ ਮਾਸਟਰ ਜਿਨ੍ਹਾਂ ਦੀ ਕਲਾਸ ਵਿਚੋਂ ਮੈਂ ਗੈਰਹਾਜ਼ਰ ਸਾਂ, ਮੈਨੂੰ ਘੂਰੀਆਂ ਵੱਟ-ਵੱਟ ਕੇ ਪੈਣ। ਖੈਰ ਗੱਲ ਹੋਈ ਸੋ ਬੀਤੀ, ਹੋ ਗਈ। ਪੰਜ ਸੱਤ ਦਿਨਾਂ ਬਾਅਦ ਮਾਸਟਰ ਜੀ ਨੇ ਮੈਨੂੰ ਇਕੱਲੇ ਨੂੰ ਬੁਲਾ ਕੇ ਕਿਹਾ, "ਕਾਕਾ, ਅੱਜ ਤੂੰ ਘਰ ਚਲਿਆ ਜਾਹ, ਬੀਬੀ ਜੀ ਨੇ ਸੁਨਾਮ ਜਾਣਾ ਹੈ। ਉਨ੍ਹਾਂ ਨੂੰ ਛਾਜਲੀ ਦੇ ਸਟੇਸ਼ਨ ਤੱਕ ਛੱਡ ਆ। ਮੈਂ ਚੁੱਪ-ਚਾਪ ਖੜ੍ਹਾ ਰਿਹਾ। ਮਾਸਟਰ ਜੀ ਨੇ ਫੇਰ ਕਿਹਾ, "ਹਰਕੇਸ਼, ਤੂੰ ਘਰ ਚਲਾ ਜਾ।" ਮੈਂ ਫਿਰ ਚੁੱਪ ਚਾਪ। ਮਾਸਟਰ ਜੀ ਬੋਲੇ, "ਕੀ ਗੱਲ ਬੋਲਦਾ ਕਿਉਂ ਨਹੀਂ?" ਮੈਂ ਹੌਂਸਲਾ ਕਰਕੇ ਬੋਲ ਹੀ ਪਿਆ, "ਮਾਸਟਰ ਜੀ, ਭਾਵੇਂ ਮੇਰਾ ਨਾਮ ਕੱਟ ਦਿਉ, ਜੋ ਮਰਜ਼ੀ ਸਜਾ ਦੇ ਦਿਓ, ਮੈਂ ਇਹ ਕੰਮ ਨਹੀਂ ਕਰ ਸਕਦਾ। ਮੇਰੇ ਘਰਦੇ ਮੈਨੂੰ ਗੁੱਸੇ ਹੁੰਦੇ ਹਨ।" ਮਾਸਟਰ ਜੀ ਇਕਦਮ ਖ਼ਾਮੋਸ਼ ਹੋ ਗਏ। ਉਸ ਦਿਨ ਤੋਂ ਮੁੜ ਕੇ ਮੈਨੂੰ ਕਦੇ ਵੀ ਕੋਈ ਕੰਮ ਨਹੀਂ ਕਿਹਾ। ਮਾਸਟਰ ਜੀ ਦੀ ਬੀਵੀ ਸਰੀਰ ਦੀ ਭਾਰੀ ਸੀ। ਮੈਂ ਉਸ ਵੇਲੇ ਮਸਾਂ ਹੀ 45-47 ਕਿੱਲੋ ਦਾ ਹੋਵਾਂਗਾ ਜਦੋਂ ਕਿ ਬੀਬੀ ਜੀ ਸੁੱਖ ਨਾਲ ਅੱਸੀ ਕਿੱਲੋ ਤੋਂ ਘੱਟ ਨਹੀਂ ਸੀ। ਜੇ ਮੈਂ ਡਰਦਾ, ਸ਼ਰਮ ਦਾ ਮਾਰਾ ਹਾਂ ਕਰ ਦਿੰਦਾ ਤਾਂ ਮੇਰੀ ਹਾਲਤ ਪੈਂਚਰ ਵਾਲੇ ਦਿਨ ਤੋਂ ਮਾੜੀ ਹੁੰਦੀ।

ਇੱਕ ਤਾਂ ਰਾਹ ਕੱਚਾ ਸੀ ਕੁੱਝ ਰਸਤੇ ਵਿੱਚ ਤਕਰੀਬਨ ਇੱਕ ਕਿਲੋਮੀਟਰ ਲੰਮਾ ਟਿੱਬਾ ਸੀ। ਉੱਥੇ ਕੱਲਾ ਖਾਲੀ ਸਾਈਕਲ ਹੀ ਘੜੀਸਣਾ ਮੁਸ਼ਕਲ ਸੀ। ਮੇਰੀ ਹਾਲਤ ਉਹ ਹੋਣੀ ਸੀ ਜਿਵੇਂ 14 ਡੀਟੀ ਟਰੈਕਟਰ ਦੇ ਮਗਰ ਹਿੰਦੁਸਤਾਨ 50 ਦੀ ਟਰਾਲੀ ਪਾਈ ਹੋਵੇ ਜੋ ਭਾਰ ਕਾਰਨ ਤੇ ਚੜ੍ਹਾਈ ਕਾਰਨ ਟਰੈਕਟਰ ਨੂੰ ਲੈ ਕੇ ਪਿੱਛੇ ਹੀ ਉਲਟਾ ਦਿੰਦੀ ਐ। ਨਾਲ਼ੇ ਮਾਸਟਰ ਜੀ ਕੁੱਟਦੇ ਕਿ ਉਸ ਦੀ ਬੀਵੀ ਸੁੱਟਤੀ। ਮੇਰੇ ਲਈ ਤਾਂ ਨਾਲ਼ੇ ਬੱਕਰੀ ਜਾਨ ਤੋਂ ਗਈ ਨਾਲ਼ੇ ਖਾਣ ਆਲੇ ਨੂੰ ਸੁਆਦ ਨਹੀਂ ਆਇਆ। ਅਜੇ ਕੁਝ ਦਿਨ ਹੀ ਹੋਏ ਸਨ ਕਿ ਹੋਰ ਮਾਸਟਰ ਜੋ ਬਦਲ ਕੇ ਸਾਡੇ ਸਕੂਲ 'ਚ ਆਏ ਸਨ, ਸਾਡੀ ਕਲਾਸ ਉਨ੍ਹਾਂ ਨੂੰ ਦੇ ਦਿੱਤੀ ਗਈ। ਮੈਂ ਮਾਸਟਰ ਜੀ ਦੀ ਕਰੋਪੀ ਤੋਂ ਬਚ ਗਿਆ।

2010 'ਚ ਜਦੋਂ ਮੈਂ ਡੀ.ਸੀ. ਸੰਗਰੂਰ ਲੱਗਿਆ ਸੀ, ਮੈਨੂੰ ਛਾਜਲੀ ਦੇ ਸਕੂਲ ਵਿਚ ਇਕ ਸਮਾਗਮ 'ਤੇ ਬੱਚਿਆਂ ਨਾਲ ਕੁੱਝ ਪਲ ਸਾਂਝੇ ਕਰਨ ਦਾ ਮੌਕਾ ਮਿਲਿਆ। ਮੈਂ ਇਹ ਕਹਾਣੀ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਸਾਂਝੀ ਕੀਤੀ। ਉਹਨਾਂ ਨੂੰ ਇਹੋ ਬੇਨਤੀ ਕੀਤੀ ਕਿ ਅਜਿਹੇ ਟੀਚਰ ਅਤੇ ਵਿਦਿਆਰਥੀ ਨਾ ਬਣੋ ਜਿਸ ਨਾਲ ਮਾਪਿਆਂ ਅਤੇ ਸਮਾਜ ਨੂੰ ਨਮੋਸ਼ੀ ਝੱਲਣੀ ਪਵੇ।

ਅੱਜ ਦੇ ਵਿਦਿਆਰਥੀ ਕੱਲ੍ਹ ਦੇ ਭਾਰਤ ਦਾ ਭਵਿੱਖ ਹਨ। ਉਹਨਾਂ ਨੇ ਦੇਸ਼, ਕੌਮ ਅਤੇ ਅੱਜ ਦੀ ਵਾਗਡੋਰ ਸੰਭਾਲਣੀ ਹੈ। ਬੱਚੇ ਆਪਣੇ ਅਧਿਆਪਕਾਂ ਕੋਲੋਂ ਹਰ ਰੋਜ਼ ਕੁੱਝ ਨਾ ਕੁੱਝ ਸਿੱਖ ਕੇ ਜਾਣ ਅਤੇ ਅਧਿਆਪਕ ਵਿਦਿਆਰਥੀਆਂ ਦੇ ਸਾਹਮਣੇ ਹਰ ਰੋਜ਼ ਇਕ ਆਦਰਸ਼-ਇਨਸਾਨ ਅਤੇ ਆਦਰਸ਼-ਅਧਿਆਪਕ ਤੇ ਰੋਲ ਮਾਡਲ ਬਣ ਕੇ ਪੇਸ਼ ਆਉਣ ਤੇ ਬੱਚਿਆਂ ਦੇ ਮੂੰਹ ਪੰਛੀਆਂ ਵਾਂਗ ਨਿੱਤ ਰੋਜ਼ ਗਿਆਨ ਦੀ ਚੁੰਜ ਭਰ ਚੋਗਾ ਪਾਉਣ, ਜਿਹਨਾਂ ਦੇ ਜੀਵਨ ਤੋਂ ਉਹ ਵਿਦਿਆਰਥੀ ਪ੍ਰੇਰਨਾ ਹਾਸਲ ਕਰਨ। ਸਮਾਜ ਵਿਚ ਅਜੇ ਵੀ ਅਧਿਆਪਕ ਅਤੇ ਡਾਕਟਰ ਦਾ ਸਤਿਕਾਰ ਕਾਇਮ ਹੈ। ਇੱਕ ਜ਼ਿੰਦਗੀ ਬਣਾਉਂਦਾ ਹੈ ਤੇ ਦੂਜਾ ਜ਼ਿੰਦਗੀ ਬਚਾਉਂਦਾ ਹੈ।

ਹੋਰ ਅਫ਼ਸਰਾਂ ਲੀਡਰਾਂ ਤੇ ਪੁਲਿਸ ਵਾਲਿਆਂ ਨੂੰ ਅਕਸਰ ਲੋਕ ਸਤਿਕਾਰ ਦੀ ਨਜ਼ਰ ਨਾਲ ਨਹੀਂ ਵੇਖਦੇ। ਭਾਰਤ ਸਰਕਾਰ ਕੋਲ ਹੁਕਮ ਮਨਾਉਣ ਲਈ ਫੌਜ ਤੇ ਕੇਂਦਰੀ ਸੁਰਖਿਆ ਬਲ ਤੇ ਸੂਬਾ ਸਰਕਾਰਾਂ ਕੋਲ ਪੁਲਿਸ, ਅਧਿਆਪਕਾਂ ਕੋਲ ਆਪਣੀ ਗੱਲ ਮਨਾਉਣ, ਮਿਸ਼ਨ ਪੂਰਤੀ ਲਈ ਵਿਦਿਆਰਥੀਆਂ ਦੀ ਅਨੁਸ਼ਾਸਿਤ ਬਿਨਾਂ ਤਨਖਾਹ ਪ੍ਰਤੀਬਧਤ ਫੌਜ ਹੁੰਦੀ ਐ, ਬਸ਼ਰਤੇ ਅਧਿਆਪਕ ਉਸ ਦੀ ਕਮਾਨ ਸੰਭਾਲਣ ਦੀ ਸੋਝੀ ਅਤੇ ਯੋਗਤਾ ਰੱਖਦੇ ਹੋਣ। ਕੋਈ ਵੀ ਭਲਾਈ ਵਿਕਾਸ ਵਾਤਾਵਰਣ ਸਮਾਜਿਕ ਚੇਤਨਾ ਦਾ ਮੁੱਦਾ ਲੈ ਕੇ ਆਪ ਕਮਾਂਡਰ ਬਣ ਕੇ ਅਧਿਆਪਕ ਦੇਸ਼ ਦੀ ਸਿਰਜਣਾ ਕਰ ਸਕਦੇ ਹਨ।

ਸਮਾਜ ਵਿੱਚ ਕੇਵਲ ਇੱਕੋ ਇੱਕ ਵਿਅਕਤੀ ਅਧਿਆਪਕ ਹੈ ਜਿਸ ਨੂੰ ਸੇਵਾ ਮੁਕਤ ਹੋ ਕੇ ਵੀ ਸਮਾਜ ਦੇ ਕਿਸੇ ਵੀ ਵਰਗ ਨਾਲੋਂ ਵੱਧ ਸਤਿਕਾਰ ਮਿਲਦਾ ਹੈ। ਅਧਿਆਪਕ ਤੇ ਮਾਪੇ ਹੀ ਸਿਰਫ ਦੋ ਅਜਿਹੇ ਸ਼ਖ਼ਸ ਨੇ ਜੋ ਆਪਣੇ ਬੱਚੇ ਅਤੇ ਵਿਦਿਆਰਥੀ ਨੂੰ ਆਪ ਤੋਂ ਵੱਡਾ ਵੇਖਣਾ ਚਾਹੁੰਦੇ ਨੇ। ਬਾਕੀ ਸਭ ਸ਼ਰੀਕਾ ਤੇ ਈਰਖਾ ਕਰਦੇ ਨੇ ਭਾਵੇਂ ਸਕੇ ਭਾਈ ਭੈਣ ਤੇ ਚਾਚੇ ਤਾਏ ਵੀ ਕਿਉਂ ਨਾ ਹੋਣ। ਅਧਿਆਪਕ ਕੌਮ ਦਾ ਸਿਰਜਣਹਾਰ ਹੈ ਅਤੇ ਡਾਕਟਰ ਕੌਮ ਨੂੰ ਜੀਵਨ-ਦਾਨ ਦਿੰਦਾ ਹੈ। ਅਧਿਆਪਕ ਨੂੰ ਕਦੇ ਉਪਰਾਮਤਾ ਵਿਚ ਨਹੀਂ ਆਉਣਾ ਚਾਹੀਦਾ। ਭਾਰਤੀ ਨੀਤੀ-ਸ਼ਾਸਤਰ ਦੇ ਪਿਤਾਮਾ ਚਾਣਕੀਆ ਨੇ ਲਿਖਿਆ ਹੈ, "ਅਧਿਆਪਕ ਨੂੰ ਧਨ ਦੀ ਅਤੇ ਵਿਦਿਆਰਥੀ ਨੂੰ ਸੁੱਖ ਦੀ ਆਸ ਛੱਡ ਦੇਣੀ ਚਾਹੀਦੀ ਹੈ ਕਿਉਂਕਿ ਇਹਨਾਂ ਦਾ ਆਪਸ ਵਿਚ ਮੇਲ ਨਹੀਂ ਹੁੰਦਾ।" ਇਹ ਕਥਨ ਅੱਜ ਤੱਕ ਵੀ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਕਿ ਵਿਦਿਆਰਥੀ ਅਤੇ ਅਧਿਆਪਕ ਦਾ ਕੀ ਲਕਸ਼ ਹੋਣਾ ਚਾਹੀਦਾ ਹੈ। ਜਿਸ ਮੁਲਕ ਵਿੱਚ ਅਧਿਆਪਕ ਸਤਿਕਾਰਯੋਗ ਨਹੀਂ, ਸਰਕਾਰ, ਮਾਪੇ ਅਤੇ ਬੱਚੇ ਸਤਿਕਾਰ ਨਹੀਂ ਕਰਦੇ, ਉਸ ਦੇਸ਼ ਦਾ ਭਵਿੱਖ ਧੁੰਦਲਾ ਹੀ ਰਹੇਗਾ।

◆◆◆

## ਅੰਕ 6

## ਰੇਲ ਟਿਕਟ ਦੀ ਚੋਰੀ ਜਾਂ ਸੀਨਾ ਜ਼ੋਰੀ !

ਬਚਪਨ ਦੇ ਵਿੱਚ ਚੋਰੀ ਸੀਨਾ ਜ਼ੋਰੀ, ਦੇ ਹੁੰਦੇ ਨੇ ਐਵ ਅਵੱਲੇ ਹੂ।
ਬਾਂਦਰ ਸੈਨਾ ਵਾਂਗੂੰ ਕਰਨ ਉਜਾੜਾ, ਨਫ਼ਾ ਤੋਟ ਨਾ ਵੇਖਣ ਝੱਲੇ ਹੂ।

ਸੁਨਾਮ ਜਨਤਾ ਕੋਚਿੰਗ ਹਾਈ ਸਕੂਲ ਸਬਜ਼ੀ ਮੰਡੀ ਦੇ ਨੇੜੇ ਮਾਸਟਰ ਸਾਵਣ ਰਾਮ ਨਾਗਪਾਲ ਐੱਮ.ਏ.ਬੀ.ਟੀ. ਨੇ ਪਾਕਿਸਤਾਨ 'ਚੋਂ ਹਿਜਰਤ ਕਰਕੇ ਇੱਥੇ ਖੋਲ੍ਹਿਆ ਸੀ। ਉਹ ਦਸਵੀਂ ਦੇ ਸਾਰੇ ਸਬਜੈਕਟ ਖ਼ੁਦ ਪੜ੍ਹਾਉਂਦੇ। ਸਵੇਰੇ 8 ਵਜੇ ਤੋਂ ਇਕ ਵਜੇ ਤੱਕ ਲਗਾਤਾਰ ਬਲੈਕ ਬੋਰਡ 'ਤੇ ਖੜ੍ਹੇ ਰਹਿੰਦੇ। ਸਿਰਫ਼ 15 ਮਿੰਟ ਦੀ 11 ਵਜੇ ਬਰੇਕ ਕਰਦੇ ਤਾਂ ਜੋ ਪਿੰਡਾਂ ਅਤੇ ਸ਼ਹਿਰ 'ਚੋਂ ਆਏ ਮੁੰਡੇ ਆਪਣੇ ਨਾਲ ਲਿਆਂਦੀ ਰੋਟੀ ਖਾ ਲੈਂਦੇ। ਉਹ ਚਾਹ ਦਾ ਕੱਪ ਪੀ ਕੇ ਫੇਰ ਕਾਇਮ ਹੁੰਦੇ। ਉਹ ਕਦੇ ਵੀ ਕਿਸੇ ਨੋਟ ਬੁੱਕ ਜਾਂ ਕਿਤਾਬ ਦਾ ਸਹਾਰਾ ਨਹੀਂ ਲੈਂਦੇ ਸਨ। ਉਹਨਾਂ ਕੋਲ ਜਾਖਲ ਤੋਂ ਲੈ ਕੇ ਗੁਰਨੇ, ਚੂੜਲ, ਲਹਿਰਾ, ਗੋਬਿੰਦਗੜ੍ਹ, ਖੋਖਰ, ਛਾਜਲੀ ਤੱਕ ਦੇ ਸਵੇਰੇ 6 ਵਜੇ ਵਾਲੇ ਡੱਬੇ 'ਤੇ ਆਉਂਦੇ, ਜੋ ਜਾਖਲ ਤੋਂ ਲੁਧਿਆਣਾ ਚੱਲਦਾ ਸੀ ਅਤੇ ਵਾਪਸੀ ਵੇਲੇ ਲੁਧਿਆਣਾ ਤੋਂ ਜਾਖਲ। ਉਸ ਨੂੰ ਡੱਬਾ ਇਸ ਲਈ ਕਹਿੰਦੇ ਸੀ ਕਿ ਉਹ ਲੋਕਲ ਟਰੇਨ ਸੀ। ਉਸ ਦੇ 5-6 ਡੱਬੇ ਹੋਣਗੇ। ਬਹੁਤੀ ਲੰਮੀ ਨਹੀਂ ਸੀ। ਉਸ ਵਿੱਚ ਜ਼ਿਆਦਾ ਮੁਲਾਜ਼ਮ, ਵਿਦਿਆਰਥੀ ਅਤੇ ਵਪਾਰੀ ਹੁੰਦੇ ਸਨ, ਜੋ ਤਿੰਨ ਚਾਰ ਘੰਟੇ ਕੰਮ ਕਰਨ ਤੋਂ ਬਾਅਦ ਵਾਪਸ ਮੁੜਦੇ।

ਸੰਗਤੀਵਾਲੇ ਮੇਰੇ ਨਾਨਕੇ ਪਿੰਡ ਤੋਂ ਮੈਂ ਸਵੇਰੇ ਸਾਢੇ ਚਾਰ ਵਜੇ ਉੱਠਦਾ, ਗਰਮ ਪਾਣੀ ਨਾਲ ਨਹਾ ਕੇ ਪਾਠ ਕਰਕੇ ਨਾਸ਼ਤਾ ਕਰਕੇ ਅਤੇ ਦੋ ਪਰੌਂਠੇ ਨਾਲ ਲੈ ਕੇ ਸਾਈਕਲ'ਤੇ ਚੱਲ ਪੈਂਦਾ। ਮੇਰਾ ਪਿੰਡ ਛਾਜਲੀ ਦੇ ਸਟੇਸ਼ਨ ਤੋਂ ਤਕਰੀਬਨ 6 ਕਿਲੋਮੀਟਰ ਸੀ। ਅੱਧ-ਪੌਣਾ ਘੰਟਾ ਸਫਰ ਲਗਦਾ। ਅਸੀਂ ਆਪਣਾ ਸਾਈਕਲ ਸਟੇਸ਼ਨ 'ਤੇ ਇਕ ਚਾਹ ਦੀ ਦੁਕਾਨ ਤੇ ਖੜ੍ਹੇ ਕਰਕੇ ਹਮੇਸ਼ਾ ਚੱਲਦੀ ਟਰੇਨ ਵਿੱਚ ਚੜ੍ਹਦੇ ਅਤੇ ਚੱਲਦੀ ਵਿੱਚ ਹੀ ਸੁਨਾਮ ਉਤਰਦੇ। ਕਈ ਵਾਰੀ ਤਾਂ ਕਾਲਜੀਏਟ ਮੁੰਡਿਆਂ ਕਰਕੇ ਜਾਂ ਕਿਸੇ ਸ਼ਾਦੀ ਵਾਲੇ ਪਰਿਵਾਰ ਦਾ ਜਾਂ ਸਰਘੀ ਵਾਲੇ ਤਿਉਹਾਰ ਦੇ ਲੱਡੂ ਮਠਿਆਈ ਦਾ ਬੋਹੀਆ ਹੱਥ ਲੱਗ ਜਾਂਦਾ ਤਾਂ ਉਹ ਟਰੇਨ 'ਚੋਂ ਵਗਾਹ ਕੇ ਮਾਰਦੇ, ਦੂਜੇ ਚੈਨ ਖਿੱਚ ਦਿੰਦੇ। ਫੇਰ ਬਾਂਦਰਾਂ ਵਾਂਗ ਇਕ ਇਕ ਕਰਕੇ ਖਾ ਜਾਂਦੇ। ਮਹਾਜਨ ਲਾਲੇ ਵੇਖਦੇ ਹੀ ਰਹਿ ਜਾਂਦੇ। ਐਨੇ ਬਾਂਦਰਾਂ ਦੇ ਅੱਗੇ ਕੀ ਜ਼ੋਰ ਚੱਲਦਾ।

ਭਾਵੇਂ ਵਿਦਿਆਰਥੀਆਂ ਨੂੰ ਟਰੇਨ ਵਿੱਚ ਰਿਆਇਤੀ ਪਾਸ ਮਿਲਦਾ ਹੈ, ਪਰ ਮੁੰਡੇ ਪਾਸ ਲੈਣਾ ਅਤੇ ਟਿਕਟ ਲੈਣਾ ਬੇਇਜ਼ਤੀ ਸਮਝਦੇ ਸਨ। ਉਂਝ ਸਾਡਾ ਸਕੂਲ ਪ੍ਰਾਈਵੇਟ ਸੀ। ਇਸ ਕਰਕੇ ਸਾਨੂੰ ਪਾਸ ਦੀ ਸਹੂਲਤ ਵੀ ਨਹੀਂ ਸੀ ਮਿਲ ਸਕਦੀ। ਕਿਰਾਇਆ ਵੀ ਮਸਾਂ ਇਕ ਪਾਸੇ ਦਾ ਵੀਹ-ਪੱਚੀ ਪੈਸੇ ਹੀ ਸੀ। ਪੈਸਿਆਂ ਨਾਲੋਂ ਭਾਈਚਾਰੇ ਵਿੱਚ ਮਰਦਾਨਗੀ ਰੱਖਣ ਦਾ ਸੀ। ਇਕ ਦਿਨ ਜਦੋਂ ਰੇਲ ਗੱਡੀ ਨੇ ਚੱਲਣ ਦੀ ਲੰਮੀ ਕੂਕ ਮਾਰੀ ਮੈਂ ਇਕ ਕਿਲੋਮੀਟਰ ਪਿੱਛੇ ਸੀ। ਸਰਦੀਆਂ ਦੇ ਦਿਨਾਂ ਵਿੱਚ ਸਾਈਕਲ ਐਨਾ ਭਜਾਇਆ ਕਿ ਮੇਰਾ ਸਰੀਰ ਪਸੀਨੋ-ਪਸੀਨੀ ਹੋ ਗਿਆ। ਫਟਾਫਟ ਸਾਈਕਲ ਖੜ੍ਹਾ ਕੀਤਾ ਬਲਕਿ ਇੰਜ ਹੀ ਸੁੱਟ ਕੇ ਭੱਜ ਲਿਆ। ਮੇਰੀ ਲੱਤ 'ਤੇ ਸੱਟ ਲੱਗੀ ਕਾਰਨ ਮੈਂ ਤੇਜ਼ ਭੱਜ ਵੀ ਨਹੀਂ ਸਕਦਾ ਸੀ। ਜਿੰਨਾ ਜ਼ੋਰ ਲੱਗ ਸਕਦਾ ਸੀ ਲਾਇਆ। ਮੈਂ ਸਟੇਸ਼ਨ ਵੱਲ ਦੀ ਜਾਣ ਦੀ ਬਜਾਏ, ਸਿੱਧਾ ਜਿੱਧਰ ਗੱਡੀ ਸੁਨਾਮ ਵਾਲੇ ਪਾਸੇ ਥੋੜ੍ਹੀ ਅੱਗੇ ਖੜ੍ਹੀ ਸੀ, ਉੱਧਰ ਲੋਹੇ ਦੀਆਂ ਸੀਖਾਂ ਵਿੱਚੋਂ ਦੀ ਇਕ ਸੀਖ ਮੁੰਡਿਆਂ ਨੇ ਚੋਰ ਮੋਰੀ ਤੇ ਲੰਘਣ ਲਈ ਤੋੜੀ ਹੋਈ ਸੀ, ਲੰਘਿਆ। ਐਨ ਰੇਲ ਗੱਡੀ ਦੇ ਆਖਰੀ ਡੱਬੇ ਦੀ ਆਖਰੀ ਖਿੜਕੀ ਦਾ ਡੰਡਾ ਮੈਥੋਂ ਦਸ ਫੁੱਟ ਦੇ ਫਾਸਲੇ ਨਾਲ ਫੜਨੋ ਰਹਿ ਗਿਆ। ਗੱਡੀ ਨਿਕਲ ਗਈ।

ਮੈਂ ਬਹੁਤ ਹੈਰਾਨ ਅਤੇ ਉਦਾਸ ਸੀ ਕਿ ਮੇਰੀ ਕਲਾਸ ਮਿਸ ਹੋ ਜਾਣੀ ਸੀ।

ਸੁਨਾਮ ਰੇਲਵੇ ਸਟੇਸ਼ਨ ਤੋਂ ਜਨਤਾ ਕੋਚਿੰਗ ਸਕੂਲ ਦਾ ਫ਼ਾਸਲਾ ਔਝੜਾ ਸਮੇਂ ਟੋਭੇ ਵਿੱਚ ਦੀ ਜਾਂਦੀ ਇਕ ਡੰਡੀ ਰਾਹੀਂ ਪੈਦਲ ਤਕਰੀਬਨ ਡੇਢ ਕਿਲੋਮੀਟਰ ਸੀ, ਪਰ ਸਿੱਧਾ ਸੜਕੀ ਰਸਤੇ ਦੋ ਕਿਲੋਮੀਟਰ ਹੋਵੇਗਾ ਜੋ 15 ਮਿੰਟ ਖਾ ਜਾਂਦਾ ਸੀ। ਮੈਂ ਮਾਯੂਸ ਹੋ ਕੇ ਆਪਣਾ ਸਾਈਕਲ ਚੁੱਕਿਆ, ਫਟਾਫਟ ਛਾਜਲੀ ਦੇ ਬੱਸ ਸਟੇਸ਼ਨ 'ਤੇ ਪੁੱਜ ਗਿਆ। ਉੱਥੇ ਅਜੇ ਸਾਈਕਲ ਖੜ੍ਹਾ ਹੀ ਕੀਤਾ ਸੀ ਕਿ ਲਹਿਰੇਗਾਗੇ ਵੱਲੋਂ ਇਕ ਟਰੱਕ ਆ ਗਿਆ। ਮੈਂ ਟਰੱਕ ਵਿੱਚ ਬੈਠ ਗਿਆ। ਟਰੱਕ ਵਾਲੇ ਨੇ, ਜਿਸ ਵਿੱਚ ਕੁਝ ਹੋਰ ਸਵਾਰੀਆਂ ਵੀ ਸਨ, ਸੁਨਾਮ ਆਈ.ਟੀ.ਆਈ. ਕੋਲ ਟਰੱਕ ਯੂਨੀਅਨ ਵਿੱਚ ਹੀ ਰੋਕਤਾ। ਉਥੋਂ ਸਾਡਾ ਸਕੂਲ ਤਕਰੀਬਨ 3 ਕਿਲੋਮੀਟਰ ਹੋਵੇਗਾ। ਰਿਕਸ਼ਾ ਲੈਣਾ ਤਾਂ ਵਿਦਿਆਰਥੀਆਂ ਲਈ ਹੋਰ ਵੀ ਮਹਿੰਗਾ ਹੋ ਜਾਂਦਾ ਹੈ। ਜਦੋਂ ਮੈਂ ਸਕੂਲ ਵਿੱਚ ਪੁੱਜਿਆ ਤਾਂ ਮੈਨੂੰ ਪਤਾ ਲੱਗਿਆ ਕਿ ਉਸ ਦਿਨ ਰੇਲਵੇ ਪੁਲਿਸ, ਰੇਲਵੇ ਪ੍ਰੋਟੈਕਸ਼ਨ ਫੋਰਸ ਅਤੇ ਲੋਕਲ ਪੁਲਿਸ ਤੇ ਰੇਲਵੇ ਦਾ ਸਪੈਸ਼ਲ ਚੈਕਿੰਗ ਸਕੁਐਡ ਸਮੇਤ ਹਰ ਡੱਬੇ ਵਿੱਚ ਕੋਈ ਪੰਜ ਸੱਤ ਚੈਕਰ ਹੋਣਗੇ। ਉਹ ਅਜਿਹੀ ਹਰਕਤ ਸਾਲ ਵਿੱਚ ਇਕ ਦੋ ਵਾਰੀ ਕਰਦੇ, ਫੇਰ ਕਦੇ ਚੋਰ ਬਿਨਾਂ ਟਿਕਟ ਜਾਣ ਤੋਂ ਗੁਰੇਜ਼ ਕਰਦੇ।

ਮੈਨੂੰ ਮੁੰਡਿਆਂ ਨੇ ਦੱਸਿਆ ਕਿ ਆਪਣੇ ਕੁਝ ਮੁੰਡੇ ਰੇਲਵੇ ਸਟੇਸ਼ਨ ਫੜੇ ਹੋਏ ਹਨ। ਕੁਝ ਘੜੀਆਂ, ਸੋਨੇ ਦੇ ਕੜੇ ਦੇ ਕੇ ਜੁਰਮਾਨਾ ਦੇ ਕੇ ਛੁੱਟ ਗਏ। ਉਹ ਜੁਰਮਾਨਾ ਲੈਣ ਗਏ ਨੇ। ਮੈਂ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ ਕਿ ਜੇ ਰੇਲਗੱਡੀ ਦਾ ਡੱਬਾ ਨਿਕਲ ਗਿਆ ਤਾਂ ਹੀ ਬਚ ਗਿਆ। ਕਈ ਵਾਰੀ ਅਸੀਂ ਇਕ ਮੌਕਾ ਗੁਆ ਲੈਂਦੇ ਹਾਂ, ਫੇਰ ਬੜਾ ਪਛਤਾਵਾ ਕਰਦੇ ਹਾਂ ਕਿ ਇਹ ਕਿਉਂ ਹੋ ਗਿਆ, ਕਿਵੇਂ ਹੋ ਗਿਆ। ਇਹ ਨਹੀਂ ਪਤਾ ਕਿ ਸਾਨੂੰ ਕਿਸੇ ਸੰਕਟ ਵਿੱਚੋਂ ਬਚਾਉਣ ਲਈ ਤੇ ਕੋਈ ਹੋਰ ਚੰਗੀ ਘੜੀ ਦੀ ਉਡੀਕ ਹੋ ਰਹੀ ਹੈ। ਅਸੀਂ ਪੰਚਾਇਤੀ ਬਣ ਕੇ ਆੜ੍ਹਤੀਆਂ ਕੋਲੋਂ ਹੋਰ ਮੁੰਡਿਆਂ ਦਾ ਜੁਰਮਾਨਾ ਉਧਾਰ ਫੜ ਕੇ ਭਰਿਆ। ਜੇ ਮੈਂ ਲੱਤ 'ਤੇ ਸੱਟ ਲੱਗਣ ਕਾਰਨ ਦਸਵੀਂ 'ਚੋਂ ਫੇਲ ਹੋਇਆ ਤਾਂ ਹੀ ਬੈਂਕ ਦੀ ਨੌਕਰੀ ਕਰਨ ਲਈ ਬਾਬੂ ਲੱਗਿਆ, ਨਹੀਂ ਤਾਂ ਚੜ੍ਹਦੀ ਉਮਰ ਵਿੱਚ ਜੱਟ ਦਾ ਪੁੱਤ ਜੇ ਕਾਲਜ ਨਾ ਜਾਵੇ ਫੇਰ ਕਾਹਦਾ ਪਾੜ੍ਹਾ। ਪਰ ਸ਼ਾਇਦ ਕੁਦਰਤ ਮੈਨੂੰ ਇਕ ਹੋਰ ਵੱਡੇ ਸੰਕਟ 'ਚੋਂ ਬਚਾ ਰਹੀ ਸੀ।

ਅਸੀਂ ਦਸਵੀਂ ਜਮਾਤ ਵਿੱਚ ਭਾਈ-ਕੀ-ਪਸ਼ੌਰ ਸਕੂਲ ਵਿੱਚ 23 ਵਿਦਿਆਰਥੀ, ਜਿਨ੍ਹਾਂ 'ਚੋਂ ਉਸ ਸਾਲ 12 ਇਤਫ਼ਾਕ ਨਾਲ ਖੱਬੇ ਹੱਥ ਨਾਲ ਲਿਖਣ ਵਾਲੇ ਸੀ। ਜਿਹੜੇ ਖੱਬੂ ਸੀ, ਉਹਨਾਂ 'ਚੋਂ ਮੈਂ ਆਈ.ਏ.ਐੱਸ. ਬਣਿਆ। ਇਕ ਹੋਰ ਮੁੰਡਾ ਅਮਰਜੀਤ ਜੋਸ਼ੀ, ਇੰਡੀਅਨ ਫਾਰੈਸਟ ਸਰਵਿਸ ਵਿੱਚ ਭੂਪਾਲ ਕੇਡਰ ਵਿੱਚ ਯੂ.ਪੀ.ਐੱਸ.ਸੀ. ਰਾਹੀਂ ਭਰਤੀ ਹੋਇਆ। ਦੋ-ਤਿੰਨ ਹੋਰ ਖੱਬੂ ਮਾਸਟਰ ਬਾਬੂ ਲੱਗੇ। ਮੇਰਾ ਮਤਲਬ 23 'ਚੋਂ 12 ਖੱਬੂ, ਮੁਕੱਦਰ ਦੇ ਸਿਕੰਦਰ ਰਹੇ। ਅਮਰਜੀਤ ਦਾ ਵੱਡਾ ਭਰਾ ਸਾਡੇ ਹੀ ਸਕੂਲ ਵਿੱਚ ਸਾਇੰਸ ਮਾਸਟਰ ਸੀ। ਇਸ ਲਈ ਉਹ ਸਾਇੰਸ, ਹਿਸਾਬ ਵਿੱਚ ਸਾਰੀ ਕਲਾਸ 'ਚੋਂ ਅੱਗੇ ਹੁੰਦਾ। ਅਸੀਂ ਦੂਜੇ-ਤੀਜੇ ਨੰਬਰ 'ਤੇ ਹੁੰਦੇ, ਪਰ ਅੰਗਰੇਜ਼ੀ ਵਿੱਚ ਵਧੀਆ ਸੀ।

◆◆◆

## ਅੰਕ-7

# ਖੁੰਦਕ ਨਾਲ਼ ਜਾਗ ਲੱਗਣੀ

ਘੋਲ ਬਿਨਾਂ ਕਾਹਦੀ ਐ ਜ਼ਿੰਦਗੀ, ਉਦੇਸ਼ ਬਿਨਾਂ ਕੀ ਜੀਣਾ ਹੂ।
ਜਿਨਾ ਲਿਖਿਆ ਅੰਨ ਪਾਣੀ ਹਿੱਸੇ, ਘੁੱਟ ਨਾ,ਵੱਧ-ਘੱਟ ਪੀਣਾ ਹੂ।

ਸੰਨ 1967 ਦੀ ਗੱਲ ਹੋਵੇਗੀ, ਇਕ ਦਿਨ ਅਸੀਂ ਦਿਨ ਛਿਪਦੇ ਤੋਂ ਪਹਿਲਾਂ ਖੁੰਢਾਂ 'ਤੇ ਬੈਠੇ ਤਾਸ਼ ਖੇਡ ਰਹੇ ਸੀ। ਉੱਧਰੋਂ ਸਾਡੇ ਨਤੀਜੇ ਆਉਣ ਵਾਲੇ ਸੀ। ਕੁਦਰਤੀ ਗੱਲ ਚੱਲ ਪਈ। ਇਕ ਸਾਡੇ ਗੁਆਂਢੀਆਂ ਦਾ ਮੁੰਡਾ ਜੋ ਮੈਥੋਂ ਵੀਹ-ਪੱਚੀ ਸਾਲ ਵੱਡਾ ਸੀ, ਜਿਸ ਨੂੰ ਮੁਖ਼ਤਿਆਰ ਲੰਮਾ ਆਖਦੇ ਸਨ, ਉਸ ਨੇ ਸਾਰੀ ਉਮਰ ਤਾਸ਼ ਕੁੱਟ ਕੇ ਕਬੂਤਰ ਉਡਾ ਕੇ, ਤਿੱਤਰ ਮਾਰ ਕੇ, ਵਿਹਲੇ ਨੇ ਆਪਣੀ ਜਾਇਦਾਦ ਉਡਾਈ ਸੀ। ਉਸ ਨੇ ਮਜ਼ਾਕ 'ਚ ਕਿਹਾ, "ਓਏ ਮੁੰਡਿਓ, ਐਥੇ ਬੈਠੇ ਕੀ ਕਰਦੇ ਓ, ਕੁੱਝ ਪੜ੍ਹ ਲਿਖ ਲੋ, ਕਿਤੇ ਸਾਡੇ ਵਾਂਗੂ ਹੀ ਨਾ ਤਾਸ਼ ਕੁੱਟਦੇ ਰਹਿਓ।" ਦੂਜੇ ਪਾਸੇ ਰਾਜਾ ਰਾਮ ਦੇ ਲੜਕੇ, ਦੇਵ ਸਿੰਘ ਨੇ ਕਿਹਾ, "ਹੌਲਦਾਰ ਦੇ ਮੁੰਡੇ ਦੋਵੇਂ ਲਾਇਕ ਨੇ, ਇਹ ਪਾਸ ਹੋ ਜਾਣਗੇ, ਪੜ੍ਹ ਕੇ ਮੁਲਾਜ਼ਮ ਲੱਗ ਜਾਣਗੇ। ਜਾਇਦਾਦ ਤਾਂ ਭਾਵੇਂ ਥੋੜ੍ਹੀ ਐ ਪਰ ਮੁੰਡੇ ਲਾਇਕ ਨੇ, ਕਿਸੇ ਤਣ ਪੱਤਣ ਲੱਗ ਜਾਣਗੇ।"

ਇਕ ਹੋਰ ਬੋਲਿਆ, "ਆਹ ਸਿੱਖਾਂ ਦੇ ਮੁੰਡੇ ਵੀ ਲਾਇਕ ਨੇ ਪਾਸ ਹੋ ਜਾਣਗੇ।" ਸਾਡੇ ਘਰ ਦੇ ਨਾਲ ਲੱਗਦਾ ਇਕ ਗੁਆਂਢੀ ਗੁਰਨਾਮ ਸਿੰਘ ਜਿਸ ਨੂੰ ਗਾਮ ਆਖਦੇ ਸਨ, ਬੋਲਿਆ, "ਜੁਆਲਾ ਸਿਉਂ ਦਾ ਮੁੰਡਾ ਕਰਨੈਲ ਵੀ ਸਾਊ ਐ ਭਾਈ, ਇਹ ਜ਼ਰੂਰ ਕੋਈ ਵੱਡਾ ਅਫ਼ਸਰ ਬਣੂੰ।" ਫੇਰ ਮੇਰੀ ਵਾਰੀ ਆਈ ਮੁਖਤਿਆਰ ਲੰਮੇ ਨੇ ਟਕੋਰ ਮਾਰੀ, "ਆਹ ਦੋਹਿਤ ਮਾਨ ਭੂਰਾ ਕਿਵੇਂ ਐ ਪੜ੍ਹਣ 'ਚ ? ਭਾਵੇਂ ਮੇਰਾ ਨਾਮ ਹਰਕੇਸ਼ ਸਿੰਘ ਹੈ ਰਿਕਾਰਡ ਵਿੱਚ, ਪਰ ਮੈਨੂੰ ਨਾਨਕੇ ਪਿੰਡ ਵਿੱਚ ਸਾਰੇ ਭੂਰਾ ਹੀ ਆਖਦੇ ਸਨ ਕਿਉਂਕਿ ਮੇਰੇ ਨਾਨੇ ਦੇ ਭਰਾ ਦੇ ਜੁਆਈ ਦਾ ਨਾਮ ਵੀ ਹਰਕੇਸ਼ ਸਿੰਘ ਸੀ, ਜਿਸ ਕਰਕੇ ਮੇਰੀ ਨਾਨੀ ਗੁੱਸਾ ਕਰਦੀ ਕਿ ਮੇਰੇ ਜੁਆਈ ਦੇ ਨਾਮ 'ਤੇ ਰੱਖ ਲਿਆ ਹੈ। ਮੇਰਾ ਨਾਂ ਮੇਰੀ ਭੂਆ ਨੇ ਰੱਖਿਆ ਸੀ। ਸੋ ਦਾਦਕੇ ਮੇਰਾ ਨਾਮ ਹਰਕੇਸ਼ ਤੇ ਨਾਨਕੇ ਭੂਰਾ। ਭੂਰਾ ਇਸ ਕਰਕੇ ਕਿ ਮੇਰਾ ਰੰਗ ਤੇ ਵਾਲ਼ ਭੂਰੇ ਸਨ।

ਹਾਂ ਗੱਲ ਮੇਰੇ ਰਿਜ਼ਲਟ ਦੀ ਚੱਲ ਰਹੀ ਸੀ, ਜਦੋਂ ਮੇਰੀ ਵਾਰੀ ਆਈ ਤਾਂ ਸ੍ਰ. ਮੁਖ਼ਤਿਆਰ ਸਿੰਘ ਲੰਮੇ ਨੇ ਕਿਹਾ, "ਭੂਰਾ ਤਾਂ ਪਾਸ ਨਹੀਂ ਹੁੰਦਾ। ਜਦੋਂ ਮੈਂ ਦੇਖਦਾ ਹਾਂ ਇਹ ਹਰ ਵੇਲੇ ਤਾਸ਼ ਖੇਡਦਾ ਮਿਲਦਾ ਹੈ। ਕਦੇ ਨਹਿਰ 'ਚ ਨਾਉਂਦਾ ਮਿਲਦਾ ਹੈ। ਇਸ ਦੇ ਲੱਛਣ ਪੜ੍ਹਣ ਵਾਲਿਆਂ ਵਰਗੇ ਨਹੀਂ। ਇਹ ਤਾਂ ਲੰਡਰ ਨਿੱਕਲੂ।" ਉਸ ਦੀ ਭਰੇ ਇਕੱਠ ਵਿੱਚ ਇਹ ਗੱਲ ਸੁਣ ਕੇ ਮੈਨੂੰ ਸੱਤੇ ਕੱਪੜੀਂ ਅੱਗ ਲੱਗ ਗਈ। ਮੈਂ ਉਸ ਤੋਂ ਉਮਰ 'ਚ ਛੋਟਾ ਤੇ ਸਰੀਰਕ ਤੌਰ 'ਤੇ ਬਹੁਤ ਕਮਜ਼ੋਰ ਵੀ ਸੀ। ਗੁੱਸੇ ਦੀ ਜਵਾਲਾ ਐਨੀ ਭੜਕੀ ਸੀ ਕਿ ਮੇਰਾ ਜੀਅ ਕਰੇ ਮੈਂ ਉਸ ਦੇ ਮੂੰਹ 'ਤੇ ਲੱਫੜ ਮਾਰ ਕੇ ਘਰ ਨੂੰ ਭੱਜ ਜਾਵਾਂ, ਅੱਗੇ ਜੋ ਹੋਊ ਦੇਖੀ ਜਾਊ। ਮੈਂ ਹੀ ਜਾਣਦਾਂ, ਮੈਂ ਆਪਣਾ ਗੁੱਸਾ ਕਿਵੇਂ ਠੰਡਾ ਕੀਤਾ। ਮੈਨੂੰ ਘਰ ਆ ਕੇ ਵੀ ਬੇਚੈਨੀ ਲੱਗੀ ਰਹੀ। ਮੈਨੂੰ ਕੁਝ ਸ਼ਾਂਤ ਹੋਣ ਮਗਰੋਂ ਇਹ ਮਹਿਸੂਸ ਹੋਇਆ ਕਿ ਉਸ ਦੀ ਟਿੱਪਣੀ ਤੇ ਪ੍ਰਭਾਵ ਮੇਰੇ ਬਾਰੇ ਠੀਕ ਹੀ ਸੀ ਕਿਉਂ ਜੋ ਮੈਂ ਸਕੂਲ ਜਾਂਦਾ ਨਹੀਂ ਸੀ, ਇਸ ਨੂੰ ਕੀ ਪਤਾ ਮੈਂ ਕਦੋਂ ਕੀ ਪੜ੍ਹਦਾ ਹਾਂ। ਉਹ ਲੰਡਰ ਦੱਸ ਰਿਹਾ ਸੀ। ਮੈਂ ਇਕ ਸਾਲ 'ਚ ਦੋ ਜਮਾਤਾਂ ਪਾਸ ਕਰਨ ਦੀ ਸੋਚ ਰਿਹਾ ਸੀ। ਕੁਝ ਦਿਨਾਂ ਬਾਅਦ ਸਾਡੇ ਰਿਜ਼ਲਟ ਆ ਗਏ। ਸਿੱਖਾਂ ਦਾ ਇਕ ਮੁੰਡਾ ਫੇਲ੍ਹ ਹੋ ਗਿਆ ਸੀ। ਬਾਕੀ ਮੇਰੇ ਸਮੇਤ ਸਾਰੇ ਪਾਸ ਹੋ ਗਏ ਸਨ। ਜਦੋਂ ਮੈਨੂੰ ਪਤਾ ਲੱਗਿਆ, ਮੈਂ ਮੁਖ਼ਤਿਆਰ ਲੰਮੇ ਨੂੰ, ਜਿਸ ਦਾ ਘਰ ਸਾਡੇ ਨਾਲ ਹੀ ਲੱਗਦਾ ਸੀ, ਬੈਠਕ ਵਿੱਚ ਦੁਪਹਿਰੇ ਸੁੱਤਾ ਪਿਆ ਸੀ, ਬਾਰੀ ਵਿੱਚੋਂ ਖੜਕਾ ਕਰਕੇ ਉਸ ਨੂੰ ਜਗਾਇਆ ਤੇ ਦੱਸਿਆ ਕਿ ਮੈਂ ਇਕ ਸਾਲ 'ਚ ਇਕ ਨਹੀਂ ਬਲਕਿ ਦੋ ਜਮਾਤਾਂ ਪਾਸ ਕਰ

ਲਈਆਂ ਹਨ। ਉਹ ਬੇਸ਼ਰਮ ਜਿਹਾ ਹੋ ਕੇ ਬੋਲਿਆ, "ਚੰਗਾ ਹੋਇਆ ਭਾਣਜੇ, ਤੇਰੀ ਮਿਹਨਤ ਪੱਲੇ ਪੈ ਗਈ। ਰੱਬ ਤੈਨੂੰ ਕਾਮਯਾਬੀ ਬਖਸ਼ੇ!"

ਮੈਂ ਨੌਵੀਂ ਜਮਾਤ ਵਿੱਚ ਫੇਰ ਸਰਕਾਰੀ ਹਾਈ ਸਕੂਲ ਭਾਈ-ਕੀ-ਪਸ਼ੌਰ 'ਚ ਦਾਖ਼ਲ ਹੋ ਗਿਆ। ਜਦੋਂ ਨੌਵੀਂ ਦੇ ਪੱਕੇ ਪੇਪਰ ਆਏ ਤਾਂ ਮੇਰੇ ਨਾਲ ਗਿਆਨੀ ਕੁਲਵੰਤ ਸਿੰਘ ਜੀ ਦੇ ਦੋ ਜੌੜੇ ਲੜਕੇ ਜਮਾਤੀ ਸਨ, ਪਰ ਪੜ੍ਹਨ ਵਿੱਚ ਬਹੁਤੇ ਹੁਸ਼ਿਆਰ ਨਹੀਂ ਸਨ। ਅੰਗਰੇਜ਼ੀ ਦਾ ਪਰਚਾ ਸੀ। ਮਾਸਟਰ ਜੀ ਦੇ ਇਕ ਮੁੰਡੇ ਗੁਰਜੀਤ ਨੇ ਸਾਰੀ ਜਮਾਤ ਨੂੰ ਘੋੜੇ ਵਾਲੀ ਗਾਲ੍ਹ ਪਵਾ ਦਿੱਤੀ ਕਿ ਜਿਹੜਾ ਨਕਲ ਨਹੀਂ ਮਾਰੇਗਾ, ਉਸ ਨੂੰ ਗਾਲ੍ਹ ਲੱਗੂ। ਮੈਂ ਵੀ ਅੰਗਰੇਜ਼ੀ ਦੇ ਪਰਚੇ 'ਚ ਗਾਈਡ 'ਚੋਂ ਵਰਕਾ ਪਾੜ ਕੇ ਨਾਲ ਲੈ ਗਿਆ। ਖੇਡਾਂ ਦੀ ਮਹੱਤਤਾ 'ਤੇ ਲੇਖ ਸੀ, ਕਿਤਾਬ ਦਾ ਵਰਕਾ ਕੱਢ ਕੇ ਵੇਖ ਕੇ ਲਿਖਣਾ ਸ਼ੁਰੂ ਕਰਤਾ। ਮਾਸਟਰ ਕਰਨੈਲ ਸਿੰਘ ਔਜਲਾ, ਜੋ ਨਾਲ ਦੇ ਪਿੰਡ ਛਾਹੜ ਦੇ ਵਸਨੀਕ ਸਨ ਅਤੇ ਸਾਡੇ ਨਾਲ ਮੇਰੇ ਮਾਮੇ ਦੇ ਸਹੁਰਿਆਂ ਵੱਲੋਂ ਦੂਰ ਦੀ ਰਿਸ਼ਤੇਦਾਰੀ ਵੀ ਰਲ਼ਦੀ ਸੀ, ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਜਦੋਂ ਕਲਾਸ ਵਿੱਚ, ਜਿੱਥੇ ਪੇਪਰ ਹੋ ਰਹੇ ਸਨ, ਉਸ ਨੇ ਮੈਨੂੰ ਨਕਲ ਮਾਰਦੇ ਨੂੰ ਫੜ ਲਿਆ ਤੇ ਨਾਲੇ ਕਿਹਾ, ਬੋਲ ਨਵਾਂ ਪਰਚਾ ਲੈਣਾ ਹੈ ਜਾਂ ਐਥੇ ਹੀ ਛੱਡ ਕੇ ਜਾਣਾ ਹੈ? ਮੈਂ ਨਵਾਂ ਪਰਚਾ ਲੈ ਲਿਆ। ਮੈਂ ਘਰ ਆ ਕੇ ਮੇਰੇ ਨਾਨਾ ਜੀ ਨੂੰ ਜਦੋਂ ਸਾਰੀ ਕਹਾਣੀ ਦੱਸੀ। ਪਹਿਲਾਂ ਤਾਂ ਉਹ ਵੀ ਲੋਹੇ ਲਾਖੇ ਹੋਏ, ਜਦੋਂ ਗਿਆਨੀ ਜੀ ਦੇ ਮੁੰਡੇ ਵਾਲੀ ਗੱਲ ਸੁਣਾਈ ਤਾਂ ਉਹ ਕੁਝ ਢਿੱਲੇ ਪੈ ਗਏ। ਮੇਰੇ ਨਾਨਾ ਜੀ ਮੈਨੂੰ ਸਾਡੇ ਪਿੰਡ ਤੋਂ 5-6 ਕਿਲੋਮੀਟਰ ਦੇ ਫ਼ਾਸਲੇ ਛਾਹੜ ਪਿੰਡ ਕਰਨੈਲ ਸਿੰਘ ਔਜਲਾ (ਮਾਸਟਰ ਜੀ) ਦੇ ਘਰ ਲੈ ਗਏ। ਜਦੋਂ ਅਸੀਂ ਉਹਨਾਂ ਦੇ ਘਰ ਪੁੱਜੇ, ਮਾਸਟਰ ਜੀ ਨੇ ਮੇਰੇ ਨਾਨਾ ਜੀ ਦੀ ਬਹੁਤ ਇੱਜ਼ਤ ਕੀਤੀ, ਬਿਨਾਂ ਕੁਝ ਪੁੱਛੇ ਹੀ ਬੋਲੇ, "ਮਾਸੜ ਜੀ, ਹਰਕੇਸ਼ ਮੇਰੀ ਕਲਾਸ ਦਾ ਪਹਿਲੇ ਦੂਜੇ ਨੰਬਰ ਦਾ ਵਿਦਿਆਰਥੀ ਹੈ। ਮੈਨੂੰ ਅਫ਼ਸੋਸ ਹੈ ਕਿ ਇਸ ਨੇ ਨਕਲ ਮਾਰੀ। ਮੈਨੂੰ ਇਹ ਵੀ ਪਤਾ ਹੈ ਕਿ ਇਸ ਨੂੰ ਪੇਪਰ ਆਉਂਦਾ ਸੀ।" ਉਹ ਗੁੱਸੇ ਵਿੱਚ ਮੇਰੇ ਵੱਲ ਝਪਟ ਕੇ ਪਏ, "ਕਿਉਂ ਓਏ! ਤੈਨੂੰ ਕੁਝ ਸ਼ਰਮ ਨਹੀਂ ਆਈ? ਹੁਣ ਤੂੰ ਨਕਲ ਮਾਰ ਕੇ ਪਾਸ ਹੋਵੇਂਗਾ। ਆਪਣੇ ਨਾਨਾ ਜੀ ਦੀ ਪੱਗ ਦਾ ਹੀ ਖ਼ਿਆਲ ਰੱਖਦਾ, ਮੇਰੇ ਵੱਲ ਹੀ ਕੁਝ ਸੋਚਦਾ?" ਮੈਂ ਨਿਮੋਝੂਣਾ ਜਿਹਾ ਹੋ ਕੇ ਮਾਸਟਰ ਜੀ ਦੀ ਇਜਾਜ਼ਤ ਮੰਗਦੇ ਹੋਏ ਗਿਆਨੀ ਮਾਸਟਰ ਦੇ ਮੁੰਡੇ ਗੁਰਜੀਤ ਦੀ ਹਰਕਤ ਦੱਸ ਦਿੱਤੀ। ਉਹ ਕਹਿੰਦੇ, "ਤੂੰ ਉਹਨਾਂ ਦੀ ਰੀਸ ਕਿਉਂ ਕੀਤੀ ਉਹ ਤਾਂ ਨਲਾਇਕ ਨੇ।" ਮੈਂ ਕਿਹਾ, "ਸਰ ਜੇ ਤੁਸੀਂ ਇਜਾਜ਼ਤ ਦਿਓ ਤਾਂ ਮੈਨੂੰ ਐਥੇ ਹੀ ਕੋਈ ਹੋਰ ਨਵਾਂ ਲੇਖ ਲਿਖਣ ਨੂੰ ਦੱਸ ਦਿਓ ਜੇ ਮੈਂ ਪਾਸ ਹੋਇਆ ਫੇਰ ਮਾਫ਼ ਕਰ ਦੇਣਾ ਤੇ ਜੇ ਨਲਾਇਕ ਹੋਇਆ ਤਾਂ ਫੇਲ੍ਹ ਕਰ ਦੇਣਾ।" ਮਾਸਟਰ ਜੀ ਨੇ ਕਿਹਾ, "ਏਹੋ ਗੱਲ ਤਾਂ ਮੈਂ ਕਹਿੰਦਾ ਹਾਂ ਕਿ ਤੂੰ ਹੁਸ਼ਿਆਰ ਲੜਕਾ ਹੈਂ, ਇਹ ਕੰਮ ਕਿਉਂ ਕੀਤਾ?" ਉਨ੍ਹਾਂ ਨੇ ਮੈਨੂੰ ਘੂਰ ਘੱਪ ਕੇ ਅੱਗੇ ਤੋਂ ਅਜਿਹੀ ਗ਼ਲਤੀ ਨਾ ਕਰਨ ਲਈ ਤਾੜ ਕੇ ਛੱਡ ਦਿੱਤਾ। ਮੈਂ ਨੌਵੀਂ 'ਚੋਂ ਪਾਸ ਹੋ ਗਿਆ।

ਦੱਸਵੀਂ ਜਮਾਤ ਵਿੱਚ ਦਾਖ਼ਲਾ ਭਰ ਦਿੱਤਾ। ਜਦੋਂ ਗਰਮੀਆਂ ਦੀਆਂ ਛੁੱਟੀਆਂ ਹੋਈਆਂ ਤਾਂ ਮੈਂ ਜਨਤਾ ਕੋਚਿੰਗ ਹਾਈ ਸਕੂਲ ਵਿੱਚ ਟਿਊਸ਼ਨ ਰੱਖ ਲਈ ਜਿੱਥੇ 42 ਦਿਨਾਂ ਵਿੱਚ ਮਾਸਟਰ ਸਾਵਣ ਰਾਮ ਨਾਗਪਾਲ ਇਕੱਲੇ ਹੀ ਦਸਵੀਂ ਦਾ ਸਾਰਾ ਸਲੇਬਸ ਦੁਹਰਾ ਦਿੰਦੇ ਸਨ।

ਸੁਨਾਮ ਜਨਤਾ ਕੋਚਿੰਗ ਹਾਈ ਸਕੂਲ ਸਬਜ਼ੀ ਮੰਡੀ ਦੇ ਨੇੜੇ ਮਾਸਟਰ ਸਾਵਣ ਰਾਮ ਨਾਗਪਾਲ ਐਮ.ਏ.ਬੀ.ਟੀ. ਨੇ ਪਾਕਿਸਤਾਨ 'ਚੋਂ ਹਿਜਰਤ ਕਰਕੇ ਇੱਥੇ ਖੋਲ੍ਹਿਆ ਸੀ। ਉਹ ਦਸਵੀਂ ਦੇ ਸਾਰੇ ਸਬਜੈਕਟ ਖ਼ੁਦ ਪੜ੍ਹਾਉਂਦੇ। ਸਵੇਰੇ 8 ਵਜੇ ਤੋਂ ਇਕ ਵਜੇ ਤੱਕ ਲਗਾਤਾਰ ਬਲੈਕ ਬੋਰਡ ਤੇ ਖੜ੍ਹੇ ਰਹਿੰਦੇ। ਸਿਰਫ਼ 15 ਮਿੰਟ ਦੀ 11 ਵਜੇ ਬਰੇਕ ਕਰਦੇ ਤਾਂ ਜੋ ਪਿੰਡਾਂ ਅਤੇ ਸ਼ਹਿਰ 'ਚੋਂ ਆਏ ਮੁੰਡੇ ਆਪਣੇ ਨਾਲ ਲਿਆਂਦੀ ਰੋਟੀ ਖਾ ਲੈਣ। ਉਹ ਚਾਹ ਦਾ ਕੱਪ ਪੀ ਕੇ ਫੇਰ ਕਾਇਮ ਹੁੰਦੇ। ਉਹ ਕਦੇ ਵੀ ਕਿਸੇ ਨੋਟ ਬੁੱਕ ਜਾਂ ਕਿਤਾਬ ਦਾ ਸਹਾਰਾ ਨਹੀਂ ਲੈਂਦੇ ਸਨ। ਉਹਨਾਂ ਕੋਲ ਜਾਖਲ ਤੋਂ ਲੈ ਕੇ ਗੁਰਨੇ, ਚੂੜਲ, ਲਹਿਰਾ, ਗੋਬਿੰਦਗੜ੍ਹ, ਖੋਖਰ, ਛਾਜਲੀ ਤੱਕ ਦੇ ਬੱਚੇ ਸਵੇਰੇ 6 ਵਜੇ ਵਾਲੇ ਡੱਬੇ 'ਤੇ ਆਉਂਦੇ, ਜੋ ਜਾਖਲ ਤੋਂ

ਲੁਧਿਆਣਾ ਚੱਲਦਾ ਸੀ ਅਤੇ ਵਾਪਸੀ ਵੇਲੇ ਲੁਧਿਆਣਾ ਤੋਂ ਜਾਖਲ। ਉਸ ਨੂੰ ਡੱਬਾ ਇਸ ਲਈ ਕਹਿੰਦੇ ਸੀ ਕਿਉਂਕਿ ਉਹ ਲੋਕਲ ਟਰੇਨ ਸੀ। ਉਸ ਦੇ 5-6 ਡੱਬੇ ਹੋਣਗੇ। ਬਹੁਤੀ ਵੱਡੀ ਗੱਡੀ ਨਹੀਂ ਸੀ। ਉਸ ਵਿੱਚ ਜ਼ਿਆਦਾ ਮੁਲਾਜ਼ਮ, ਵਿਦਿਆਰਥੀ ਅਤੇ ਵਪਾਰੀ ਹੁੰਦੇ ਸਨ। ਜੋ ਤਿੰਨ ਚਾਰ ਘੰਟੇ ਕੰਮ ਕਰਨ ਤੋਂ ਬਾਅਦ ਵਾਪਸ ਮੁੜਦੇ। ਸੰਗਤੀਵਾਲੇ ਮੇਰੇ ਨਾਨਕੇ ਪਿੰਡ ਤੋਂ ਮੈਂ ਸਵੇਰੇ ਸਾਢੇ ਚਾਰ ਵਜੇ ਉੱਠਦਾ, ਗਰਮ ਪਾਣੀ ਨਾਲ ਨਹਾ ਕੇ ਪਾਠ ਕਰਕੇ, ਮਾਤਾ ਜੀ ਦੇ ਪੱਕੇ ਪਰੌਂਠਿਆਂ ਦਾ ਨਾਸ਼ਤਾ ਕਰਕੇ ਅਤੇ ਦੋ ਪਰੌਂਠੇ ਨਾਲ ਲੈ ਕੇ ਸਾਈਕਲ'ਤੇ ਚੱਲ ਪੈਂਦਾ। ਮੇਰਾ ਪਿੰਡ ਛਾਜਲੀ ਦੇ ਸਟੇਸ਼ਨ ਤੋਂ ਤਕਰੀਬਨ 6 ਕਿਲੋਮੀਟਰ ਪੈਂਦਾ ਹੈ। ਹੁਣ ਤਾਂ ਸੜਕ ਬਣਗੀ, ਉਸ ਵੇਲੇ ਤਾਂ ਕੱਚਾ ਟਿੱਬਿਆਂ ਦਾ ਰਸਤਾ ਸੀ, ਅੱਧ-ਪੌਣਾ ਘੰਟਾ ਸਫਰ 'ਚ ਲਗਦਾ। ਅਸੀਂ ਆਪਣਾ ਸਾਈਕਲ ਸਟੇਸ਼ਨ 'ਤੇ ਇਕ ਚਾਹ ਦੀ ਦੁਕਾਨ 'ਤੇ ਖੜ੍ਹੇ ਕਰਕੇ ਹਮੇਸ਼ਾ ਚੱਲਦੀ ਟਰੇਨ ਵਿੱਚ ਚੜ੍ਹਦੇ ਅਤੇ ਚੱਲਦੀ ਵਿੱਚ ਹੀ ਸੁਨਾਮ ਉਤਰਦੇ।

ਕਈ ਵਾਰੀ ਅਸੀਂ ਕਾਲਜੀਏਟ ਮੁੰਡਿਆਂ ਨਾਲ਼ ਰਲਕੇ ਕਿਸੇ ਸ਼ਾਦੀ ਵਾਲੇ ਪਰਿਵਾਰ ਦੇ ਲੱਡੂ, ਜਾਂ ਮਠਿਆਈ ਦਾ ਬੋਹੀਆ ਹੱਥ ਲੱਗ ਜਾਂਦਾ ਤਾਂ ਉਹ ਟਰੇਨ 'ਚੋਂ ਵਗਾਹ ਕੇ ਮਾਰਦੇ, ਦੂਜੇ ਚੈਨ ਖਿੱਚ ਦਿੰਦੇ। ਫੇਰ ਬਾਂਦਰਾਂ ਵਾਂਗ ਇਕ ਇਕ ਕਰਕੇ ਖਾ ਜਾਂਦੇ। ਮਹਾਜਨ (ਲਾਲੇ) ਵੇਖਦੇ ਹੀ ਰਹਿ ਜਾਂਦੇ। ਐਨੇ ਬਾਂਦਰਾਂ ਦੇ ਅੱਗੇ ਕੀ ਜ਼ੋਰ ਚੱਲਦਾ। ਭਾਵੇਂ ਵਿਦਿਆਰਥੀਆਂ ਨੂੰ ਟਰੇਨ ਵਿੱਚ ਰਿਆਇਤੀ ਪਾਸ ਮਿਲਦਾ ਹੈ ਪਰ ਮੁੰਡੇ ਪਾਸ ਲੈਣਾ ਅਤੇ ਟਿਕਟ ਲੈਣਾ ਬੇਇਜ਼ਤੀ ਸਮਝਦੇ ਸਨ। ਉਂਝ ਸਾਡਾ ਸਕੂਲ ਪ੍ਰਾਈਵੇਟ ਸੀ। ਇਸ ਕਰਕੇ ਸਾਨੂੰ ਪਾਸ ਦੀ ਸਹੂਲਤ ਵੀ ਨਹੀਂ ਸੀ। ਕਿਰਾਇਆ ਵੀ ਮਸਾਂ ਇਕ ਪਾਸੇ ਦਾ ਵੀਹ-ਪੱਚੀ ਪੈਸੇ ਹੀ ਸੀ। ਪੈਸਿਆਂ ਨਾਲੋਂ ਭਾਈਚਾਰੇ ਵਿੱਚ ਮਰਦਾਨਗੀ ਰੱਖਣ ਦਾ ਸੀ।

ਇਕ ਦਿਨ ਜਦੋਂ ਰੇਲ ਗੱਡੀ ਨੇ ਚੱਲਣ ਦੀ ਲੰਮੀ ਕੂਕ ਮਾਰੀ ਮੈਂ ਇਕ ਕਿਲੋਮੀਟਰ ਪਿੱਛੇ ਸੀ। ਸਰਦੀਆਂ ਦੇ ਦਿਨਾਂ ਵਿੱਚ ਸਾਈਕਲ ਐਨਾ ਭਜਾਇਆ ਕਿ ਮੇਰਾ ਸਰੀਰ ਪਸੀਨੋ-ਪਸੀਨੀ ਹੋ ਗਿਆ। ਫਟਾਫਟ ਸਾਈਕਲ ਖੜ੍ਹਾ ਕੀਤਾ ਬਲਕਿ ਇੰਜ ਹੀ ਸੁੱਟ ਕੇ ਭੱਜ ਲਿਆ। ਜਿੰਨਾ ਜ਼ੋਰ ਲੱਗ ਸਕਦਾ ਸੀ ਲਾਇਆ। ਮੈਂ ਸਟੇਸ਼ਨ ਵੱਲ ਦੀ ਜਾਣ ਦੀ ਬਜਾਏ, ਸਿੱਧਾ ਜਿੱਧਰ ਗੱਡੀ ਸੁਨਾਮ ਵਾਲੇ ਪਾਸੇ ਥੋੜ੍ਹੀ ਅੱਗੇ ਖੜ੍ਹੀ ਸੀ। ਉੱਧਰ ਲੋਹੇ ਦੀਆਂ ਸੀਖਾਂ ਵਿੱਚੋਂ ਦੀ ਇਕ ਸੀਖ ਮੁੰਡਿਆਂ ਨੇ ਚੋਰ ਮੋਰੀ ਤੇ ਲੰਘਣ ਲਈ ਤੋੜੀ ਹੋਈ ਸੀ, ਲੰਘਿਆ। ਐਨ ਰੇਲ ਗੱਡੀ ਦੇ ਆਖਰੀ ਡੱਬੇ ਦੀ ਆਖਰੀ ਖਿੜਕੀ ਦਾ ਡੰਡਾ ਮੈਥੋਂ ਦੱਸ ਫੁੱਟ ਦੇ ਫਾਸਲੇ ਨਾਲ ਫੜਨੋਂ ਰਹਿ ਗਿਆ। ਗੱਡੀ ਨਿਕਲ ਗਈ। ਮੈਂ ਬਹੁਤ ਹੈਰਾਨ ਅਤੇ ਉਦਾਸ ਸੀ ਕਿ ਮੇਰੀ ਕਲਾਸ ਮਿਸ ਹੋ ਜਾਣੀ ਸੀ। ਸੁਨਾਮ ਰੇਲਵੇ ਸਟੇਸ਼ਨ ਤੋਂ ਜਨਤਾ ਕੋਚਿੰਗ ਸਕੂਲ ਦਾ ਫ਼ਾਸਲਾ ਟੋਬੇ ਵਿੱਚ ਦੀ ਜਾਂਦੀ ਇਕ ਡੰਡੀ ਰਾਹੀਂ ਪੈਦਲ ਤਕਰੀਬਨ ਡੇਢ ਕਿਲੋਮੀਟਰ ਸੀ ਪਰ ਸਿੱਧਾ ਸੜਕੀ ਰਸਤੇ ਦੋ ਕਿਲੋਮੀਟਰ ਹੋਵੇਗਾ, ਜੋ 15 ਮਿੰਟ ਖਾ ਜਾਂਦਾ ਸੀ। ਮੈਂ ਮਾਯੂਸ ਹੋ ਕੇ ਆਪਣਾ ਸਾਈਕਲ ਚੁੱਕਿਆ ਫਟਾਫਟ ਛਾਜਲੀ ਦੇ ਬੱਸ ਸਟੇਸ਼ਨ 'ਤੇ ਪੁੱਜ ਗਿਆ। ਉੱਥੇ ਅਜੇ ਸਾਈਕਲ ਖੜ੍ਹਾ ਹੀ ਕੀਤਾ ਸੀ ਕਿ ਲਹਿਰੇਗਾਗੇ ਵੱਲੋਂ ਇਕ ਟਰੱਕ ਆ ਗਿਆ। ਮੈਂ ਟਰੱਕ ਵਿੱਚ ਬੈਠ ਗਿਆ। ਟਰੱਕ ਵਾਲੇ ਨੇ, ਜਿਸ ਵਿੱਚ ਕੁਝ ਹੋਰ ਸਵਾਰੀਆਂ ਵੀ ਸਨ, ਸੁਨਾਮ ਆਈ.ਟੀ.ਆਈ. ਕੋਲ ਟਰੱਕ ਯੂਨੀਅਨ ਵਿੱਚ ਹੀ ਰੋਕਤਾ।

ਉਥੋਂ ਸਾਡਾ ਸਕੂਲ ਤਕਰੀਬਨ 3 ਕਿਲੋਮੀਟਰ ਹੋਵੇਗਾ। ਰਿਕਸ਼ਾ ਲੈਣਾ ਤਾਂ ਵਿਦਿਆਰਥੀਆਂ ਲਈ ਹੋਰ ਵੀ ਮਹਿੰਗਾ ਹੋ ਜਾਂਦਾ ਹੈ। ਜਦੋਂ ਮੈਂ ਸਕੂਲ ਵਿੱਚ ਪੁੱਜਿਆ ਤਾਂ ਮੈਨੂੰ ਪਤਾ ਲੱਗਿਆ ਕਿ ਉਸ ਦਿਨ ਰੇਲਵੇ ਪੁਲਿਸ, ਰੇਲਵੇ ਪ੍ਰੋਟੈਕਸ਼ਨ ਫੋਰਸ ਅਤੇ ਲੋਕਲ ਪੁਲਿਸ ਤੇ ਰੇਲਵੇ ਦਾ ਸਪੈਸ਼ਲ ਚੈਕਿੰਗ ਸਕੁਐਡ ਸਮੇਤ ਹਰ ਡੱਬੇ ਵਿੱਚ ਕੋਈ ਪੰਜ ਸੱਤ ਚੈਕਰ ਹੋਣਗੇ। ਉਹ ਅਜਿਹੀ ਹਰਕਤ ਸਾਲ ਵਿੱਚ ਇਕ ਦੋ ਵਾਰੀ ਕਰਦੇ, ਫੇਰ ਕਦੇ ਚੋਰ ਬਿਨਾਂ ਟਿਕਟ ਜਾਣ ਤੋਂ ਗੁਰੇਜ਼ ਕਰਦੇ।

ਮੈਨੂੰ ਮੁੰਡਿਆਂ ਨੇ ਦੱਸਿਆ ਕਿ ਆਪਣੇ ਕੁਝ ਮੁੰਡੇ ਰੇਲਵੇ ਸਟੇਸ਼ਨ ਫੜੇ ਹੋਏ ਹਨ। ਕੁਝ ਘੜੀਆਂ, ਸੋਨੇ ਦੇ ਕੜੇ ਦੇ ਕੇ ਜੁਰਮਾਨਾ ਦੇ ਕੇ ਛੁੱਟ ਗਏ। ਉਹ ਜੁਰਮਾਨਾ ਲੈਣ ਗਏ ਨੇ। ਮੈਂ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ ਕਿ ਜੇ ਰੇਲ

ਗੱਡੀ ਦਾ ਡੱਬਾ ਨਿਕਲ ਗਿਆ ਤਾਂ ਹੀ ਬਚ ਗਿਆ। ਕਈ ਵਾਰੀ ਅਸੀਂ ਇਕ ਮੌਕਾ ਗੁਆ ਲੈਂਦੇ ਹਾਂ, ਫੇਰ ਬੜਾ ਪਛਤਾਵਾ ਕਰਦੇ ਹਾਂ ਕਿ ਇਹ ਕਿਉਂ ਹੋ ਗਿਆ, ਕਿਵੇਂ ਹੋ ਗਿਆ। ਇਹ ਨਹੀਂ ਪਤਾ ਕਿ ਸਾਨੂੰ ਕਿਸੇ ਸੰਕਟ ਵਿੱਚੋਂ ਬਚਾਉਣ ਲਈ ਤੇ ਕੋਈ ਹੋਰ ਚੰਗੀ ਘੜੀ ਦੀ ਉਡੀਕ ਹੋ ਰਹੀ ਹੈ। ਅਸੀਂ ਪੰਚਾਇਤੀ ਬਣ ਕੇ ਆੜ੍ਹਤੀਆਂ ਕੋਲ ਹੋਰ ਮੁੰਡਿਆਂ ਦਾ ਜੁਰਮਾਨਾ ਉਧਾਰ ਫੜ ਕੇ ਭਰਿਆ। ਜੇ ਮੈਂ ਲੱਤ 'ਤੇ ਸੱਟ ਲੱਗਣ ਕਾਰਨ ਦਸਵੀਂ 'ਚੋਂ ਫੇਲ ਹੋਇਆ ਤਾਂ ਹੀ ਬੈਂਕ ਦੀ ਨੌਕਰੀ ਕਰਨ ਲਈ ਬਾਬੂ ਲੱਗਿਆ, ਨਹੀਂ ਤਾਂ ਚੜ੍ਹਦੀ ਉਮਰ ਵਿੱਚ ਜੱਟ ਦਾ ਪੁੱਤ ਜੇ ਕਾਲਜ ਨਾ ਜਾਵੇ ਫੇਰ ਕਾਹਦਾ ਪਾੜ੍ਹਾ। ਪਰ ਸ਼ਾਇਦ ਕੁਦਰਤ ਮੈਨੂੰ ਇਕ ਹੋਰ ਵੱਡੇ ਸੰਕਟ 'ਚੋਂ ਬਚਾ ਰਹੀ ਸੀ।

ਅਸੀਂ ਦਸਵੀਂ ਜਮਾਤ ਵਿੱਚ ਭਾਈ-ਕੀ-ਪਸ਼ੌਰ ਸਕੂਲ ਵਿੱਚ 23 ਵਿਦਿਆਰਥੀ, ਜਿਨ੍ਹਾਂ 'ਚੋਂ ਉਸ ਸਾਲ 12 ਇਤਫ਼ਾਕ ਨਾਲ ਖੱਬੇ ਹੱਥ ਨਾਲ ਲਿਖਣ ਵਾਲੇ ਸੀ। ਜਿਹੜੇ ਖੱਬੂ ਸੀ, ਉਹਨਾਂ 'ਚੋਂ ਮੈਂ ਆਈ.ਏ.ਐੱਸ. ਬਣਿਆ। ਇਕ ਹੋਰ ਮੁੰਡਾ ਅਮਰਜੀਤ ਜੋਸ਼ੀ, ਇੰਡੀਅਨ ਫਾਰੈਸਟ ਸਰਵਿਸ ਵਿੱਚ ਭੂਪਾਲ ਕੇਡਰ ਵਿੱਚ ਯੂ.ਪੀ.ਐੱਸ.ਸੀ. ਰਾਹੀਂ ਭਰਤੀ ਹੋਇਆ। ਦੋ-ਤਿੰਨ ਖੱਬੂ ਹੋਰ ਮਾਸਟਰ ਬਾਬੂ ਲੱਗੇ। ਮੇਰਾ ਮਤਲਬ 23 'ਚੋਂ 12 ਖੱਬੂ, ਮੁਕੱਦਰ ਦੇ ਸਿਕੰਦਰ ਰਹੇ। ਅਮਰਜੀਤ ਦਾ ਵੱਡਾ ਭਰਾ ਸਾਡੇ ਹੀ ਸਕੂਲ ਵਿੱਚ ਸਾਇੰਸ ਮਾਸਟਰ ਸੀ। ਇਸ ਲਈ ਉਹ ਸਾਇੰਸ, ਹਿਸਾਬ ਵਿੱਚ ਸਾਰੀ ਕਲਾਸ 'ਚੋਂ ਅੱਗੇ ਹੁੰਦਾ। ਅਸੀਂ ਦੂਜੇ ਤੀਜੇ ਨੰਬਰ 'ਤੇ ਹੁੰਦੇ, ਪਰ ਅੰਗਰੇਜ਼ੀ ਵਿੱਚ ਵਧੀਆ ਸੀ।

ਛੁੱਟੀਆਂ ਵਿੱਚ ਹੀ ਮੈਂ ਆਪਣੇ ਨਾਨਕੇ ਪਿੰਡ ਦੇ ਨਹਿਰੀ ਕੋਠੀ ਕੋਲ ਲੱਗੇ ਜਾਮਣ ਦੇ ਦਰੱਖਤ 'ਤੇ ਚੜ੍ਹ ਕੇ ਜਾਮਣਾਂ ਤੋੜਦਾ ਡਿੱਗ ਗਿਆ ਸੀ ਜਿਸ ਕਰਕੇ ਮੇਰੀ ਦੱਸਵੀਂ ਦੀ ਪੜ੍ਹਾਈ 'ਚ ਵਿਘਨ ਪੈ ਗਿਆ।

◆◆◆

## ਅੰਕ 8

# ਪੁਆੜਾ ਭਰਿੰਡ ਦਾ

ਮਾਂ ਪਿਉ ਤੇ ਗੁਰਦੇਵ ਦਾ ਕੋਈ ਮੋੜ ਨਾ ਸਕੇ ਅਹਿਸਾਨ,
ਦਾਤਾ ਤੇ ਭਗਤ ਸੂਰਮਾ, ਹੁੰਦੇ ਹਰ ਜੁੱਗ ਵਿੱਚ ਮਹਾਨ।

ਮੇਰੇ ਪਿੰਡ ਦਾ ਇਕ ਮੁੰਡਾ ਮੈਥੋਂ ਇਕ ਸਾਲ ਪਹਿਲਾਂ ਛੇਵੀਂ ਜਮਾਤ ਪਾਸ ਕਰਕੇ ਸੱਤਵੀਂ ਅਤੇ ਅੱਠਵੀਂ ਦੋਵੇਂ ਇਕ ਸਾਲ ਵਿਚ ਪਾਸ ਕਰਨ ਦੇ ਚੱਕਰ ਵਿਚ ਪੈ ਗਿਆ। ਉਸ ਦਾ ਵੱਡਾ ਭਰਾ ਉਸ ਤੋਂ ਦੋ ਜਮਾਤਾਂ ਅੱਗੇ ਸੀ। ਸਾਰੇ ਪਿੰਡ ਵਿਚ ਚਰਚਾ ਹੁੰਦੀ, 'ਬਈ ਹੌਲਦਾਰ ਦੇ ਮੁੰਡੇ ਪੜ੍ਹਨ ਵਿਚ ਲਾਇਕ ਨੇ... ਇਕ-ਇਕ ਸਾਲ ਵਿਚ ਦੋ-ਦੋ ਜਮਾਤਾਂ ਪਾਸ ਕਰਦੇ ਨੇ। ਜਦੋਂ ਕਿ ਹੋਰ ਮੁੰਡੇ ਕਦੀ ਦੋ-ਦੋ ਸਾਲਾਂ ਵਿਚ ਇਕ ਜਮਾਤ ਪਾਸ ਕਰਦੇ ਨੇ।' ਵੱਡਾ ਭਰਾ ਛੋਟੇ ਨੂੰ ਪੜ੍ਹਾਉਣ ਲਈ ਕਈ ਵਾਰੀ ਹੰਟਰ ਵੀ ਮਾਰਦਾ ਪਰ ਉਨ੍ਹਾਂ ਮਾਂ ਦੇ ਪੁੱਤਾਂ ਨੇ ਕਰਕੇ ਵਿਖਾ ਦਿੱਤੀ। ਵੱਡਾ ਦਸਵੀਂ ਵਿਚੋਂ ਤੇ ਛੋਟਾ ਅੱਠਵੀਂ ਵਿਚੋਂ ਪਾਸ ਹੋ ਗਿਆ। ਭਾਵੇਂ ਅੱਗੇ ਜਾ ਕੇ 'ਅੱਗਾ ਦੌੜ ਪਿੱਛਾ ਚੌੜ' ਦਾ ਖਮਿਆਜ਼ਾ ਉਨ੍ਹਾਂ ਨੂੰ ਭੁਗਤਣਾ ਪਿਆ। ਖੁੰਢਾਂ 'ਤੇ ਬੈਠੇ ਲੋਕ ਜਦੋਂ ਇਹ ਗੱਲ ਸੁਣਦੇ ਕਿ ਹੌਲਦਾਰ ਦੇ ਮੁੰਡੇ ਲਾਇਕ ਨੇ ਤਾਂ ਮੇਰੇ ਬਾਰੇ ਕਈ ਮਨਚਲੇ ਬਹੁਤ ਅੱਛੇ ਵਿਚਾਰ ਨਾ ਪ੍ਰਗਟ ਕਰਦੇ। ਉਸ ਦਾ ਕਾਰਨ ਇਹ ਵੀ ਸੀ ਮੇਰੇ ਸਿਰ 'ਤੇ ਮੇਰੇ-ਪਿਤਾ ਨਹੀਂ ਸਨ। ਨਾਨਕੇ ਘਰ ਪੜ੍ਹਦੇ ਸੀ। ਨਾਨਕੇ ਦੋਹਤੇ ਨੂੰ ਲਾਡ ਵੱਧ ਕਰਦੇ ਹਨ ਤੇ ਘੂਰਦੇ ਘੱਟ ਹਨ। ਇਸ ਲਈ ਕਈ ਵਾਰ ਲਾਡ ਕਰਨਾ ਉਲਟਾ ਵੀ ਪੈ ਜਾਂਦਾ ਹੈ। ਮੈਨੂੰ ਬਚਪਨ ਵਿਚ ਗੋਰਾ ਰੰਗ ਅਤੇ ਭੂਰੇ ਵਾਲ ਹੋਣ ਕਰਕੇ ਪਿੰਡ ਵਿਚ ਭੂਰਾ ਹੀ ਕਹਿੰਦੇ ਸਨ। ਖੁੰਢਾਂ 'ਤੇ ਬੈਠੇ ਇਕ ਬੰਦੇ ਨੇ ਕਿਹਾ, "ਬਈ ਭੂਰੇ ਦਾ ਕੀ ਬਣੂੰ ?" ਦੂਸਰੇ ਨੇ ਕਿਹਾ,"ਇਹ ਬੱਸ ਖੁੰਢਾਂ 'ਤੇ ਤਾਸ਼ ਹੀ ਕੁੱਟਿਆ ਕਰੂ। ਸਕੂਲ ਵੱਲ ਤਾਂ ਇਹ ਮੂੰਹ ਨਹੀਂ ਕਰਦਾ ਤੇ ਨਾ ਇਸ ਨੂੰ ਕਿਸੇ ਦਾ ਡਰ ਭੌ !" ਮੈਨੂੰ ਸੁਣ ਕੇ ਗੁੱਸਾ ਵੀ ਆਇਆ ਪਰ ਗੱਲ ਵਿਚ ਕੁਝ ਸੱਚਾਈ ਸੀ। ਭਾਵੇਂ ਚੁਭਵੀਂ ਸੀ। ਮੈਂ ਛੇਵੀਂ ਜਮਾਤ ਪਾਸ ਕਰਕੇ ਸੱਤਵੀਂ ਵਿਚ ਛੱਡ ਦਿੱਤੀ ਤੇ ਸਿੱਧੀ ਅੱਠਵੀਂ ਜਮਾਤ ਦੀ ਤਿਆਰੀ ਸ਼ੁਰੂ ਕਰ ਦਿੱਤੀ। ਸਾਡੇ ਨਾਲ ਲੱਗਦੇ ਪਿੰਡ ਭਾਈ-ਕੀ-ਪਸ਼ੌਰ ਵਿਚ ਕਈ ਮਾਸਟਰ ਰਹਿੰਦੇ ਸਨ, ਜੋ ਸ਼ਾਮ ਵੇਲੇ ਟਿਊਸ਼ਨ ਪੜ੍ਹਾਇਆ ਕਰਦੇ ਸਨ। ਮੈਂ ਮਾਸਟਰ ਨਰੰਜਨ ਦਾਸ ਜੀ, ਜੋ ਪਿੰਡ ਦੇ ਵਿਚਕਾਰ ਸੂਬੇਦਾਰ ਦੀ ਹਵੇਲੀ 'ਚ ਕਿਰਾਏ 'ਤੇ ਰਹਿੰਦੇ ਸਨ, ਉਨ੍ਹਾਂ ਕੋਲ ਅੱਠਵੀਂ ਦੇ ਸਾਰੇ ਸਬਜੈਕਟਾਂ ਦੀ ਟਿਊਸ਼ਨ ਰੱਖ ਲਈ।

ਉਹ ਮਹਾਜਨ ਬਰਾਦਰੀ ਨਾਲ ਸਬੰਧ ਰੱਖਦੇ ਸਨ, ਨਰਮ ਸੁਭਾਅ, ਕੰਮ ਵਿਚ ਮਸਤ, ਘੱਟ ਬੋਲਣਾ, ਕੰਮ ਵੱਧ ਕਰਨਾ। ਘਰ ਦਾ ਕੰਮ ਧੰਦਾ ਉਸ ਦੀ ਪਤਨੀ ਸ਼ੀਲਾ ਦੇਵੀ, ਜੋ ਸੁਭਾਅ ਦੀ ਗੁਸੈਲੀ ਤੇ ਸਰੀਰ ਦੀ ਲੰਮੀ ਭਾਰੀ, ਦੋ ਬੱਚਿਆਂ ਦੀ ਮਾਂ ਸੀ। ਉਨ੍ਹਾਂ ਦੀ ਰਿਹਾਇਸ਼ ਹਵੇਲੀ 'ਚ ਹੋਣ ਕਰਕੇ ਉਹ ਜ਼ਿਆਦਾਤਰ ਆਪਣੇ ਬੱਚਿਆਂ ਨਾਲ ਉੱਪਰ ਹੀ ਰਹਿੰਦੀ। ਮੈਂ ਕਈ ਵਾਰੀ ਟਿਊਸ਼ਨ ਫੀਸ ਤੋਂ ਇਲਾਵਾ ਗੰਨੇ, ਛੱਲੀਆਂ, ਮੂਲੀਆਂ, ਸ਼ਲਗਮ, ਸਾਗ, ਮੂੰਗਫਲੀ, ਛੋਲੂਆ, ਦੁੱਧ ਆਦਿ ਵੀ ਲੈ ਜਾਂਦਾ ਸੀ। ਅਧਿਆਪਕ ਨੂੰ ਗੁਰੂ ਦਾ ਦਰਜਾ ਹਾਸਲ ਹੈ। ਭਾਵੇਂ ਟਿਊਸ਼ਨ 'ਤੇ ਹੀ ਪੜ੍ਹਾਉਂਦਾ ਹੋਵੇ।

ਜਿੰਨੀ ਦੇਰ ਤੱਕ ਵਿਦਿਆਰਥੀ ਅਧਿਆਪਕ ਦਾ ਦਿਲੋਂ ਆਦਰ ਅਤੇ ਸਤਿਕਾਰ ਨਹੀਂ ਕਰਦਾ ਉਨੀ ਦੇਰ ਤੱਕ ਵਿੱਦਿਆ ਹਾਸਲ ਨਹੀਂ ਕਰ ਸਕਦਾ। ਮੇਰੇ ਅੰਦਰ ਇਕ ਖੁੰਦਕ ਵੀ ਸੀ ਕਿ ਹੌਲਦਾਰ ਦੇ ਮੁੰਡਿਆਂ ਦੀ ਹੋਰ ਕੋਈ ਮੁੰਡਾ ਕਿਉਂ ਰੀਸ ਨਹੀਂ ਕਰ ਸਕਦਾ ? ਮਾਸਟਰ ਜੀ ਦੀ ਧਰਮ ਪਤਨੀ ਵੀ ਮੈਨੂੰ ਆਪਣੇ ਬੱਚਿਆਂ ਵਾਂਗ ਹੀ ਲਾਡ ਕਰਦੀ ਸੀ।

ਘਰ ਵਿਚ ਉਨ੍ਹਾਂ ਕੋਈ ਮਿੱਠੀ ਚੀਜ਼ ਬਣਾਉਣੀ ਤਾਂ ਮੈਨੂੰ ਕੋਲੀ ਵਿਚ ਪਾ ਕੇ ਬਰਾਬਰ-ਬਰਾਬਰ ਦੇਣੀ। ਇਕ ਕਿਸਮ ਦੀ ਪਰਿਵਾਰਕ ਸਾਂਝ ਹੀ ਬਣ ਗਈ ਸੀ।

ਗਰਮੀਆਂ ਦੇ ਦਿਨਾਂ ਵਿਚ ਮਾਸਟਰ ਜੀ ਮੈਨੂੰ ਕੁਝ ਕੰਮ ਦੇ ਕੇ ਕੁਝ ਦੂਰੀ 'ਤੇ ਕਿਸੇ ਹੋਰ ਮਾਸਟਰ ਦੇ ਘਰ ਚਲੇ ਗਏ। ਮੈਂ ਆਪਣਾ ਕੰਮ ਕਰ ਰਿਹਾ ਸੀ। ਮਾਸਟਰ ਜੀ ਦੀ ਧਰਮ ਪਤਨੀ ਸ਼ੀਲਾ ਦੇਵੀ ਦਾਤ ਲੈ ਕੇ ਸਾਗ ਕੱਟ ਰਹੀ ਸੀ। ਉਸ ਨੇ ਘਰ ਵਿਚ ਸਹਿਜ ਅਵਸਥਾ ਵਿਚ ਹੀ ਆਪਣਾ ਬਲਾਊਜ਼ ਅਤੇ ਪੇਟੀ ਕੋਟ ਪਾਇਆ ਹੋਇਆ ਸੀ। ਇਕ ਭਰਿੰਡ ਦਰਵਾਜ਼ੇ ਰਾਹੀਂ ਅੰਦਰ ਆਣ ਵੜੀ। ਉਹ ਭਿਣਕਦੀ ਹੋਈ ਮਾਸਟਰ ਜੀ ਦੀ ਪਤਨੀ ਦੇ ਸਿਰ 'ਤੇ ਬੈਠ ਗਈ। ਉਸ ਨੂੰ ਭਿਣਕਾਹਟ ਜਿਹੀ ਹੋਈ। ਉਸ ਨੇ ਸਿਰ 'ਤੇ ਹੱਥ ਮਾਰਿਆ। ਭਰਿੰਡ ਹੱਥ ਨਾਲ ਲੱਗ ਗਈ। ਹੱਥ 'ਤੇ ਬੈਠੀ ਭਰਿੰਡ ਮਾਸਟਰ ਜੀ ਦੀ ਵਹੁਟੀ ਨੂੰ ਨਜ਼ਰ ਨਹੀਂ ਪਈ। ਉਸ ਨੇ ਇਕਦਮ ਆਪਣਾ ਪੇਟੀ ਕੋਟ ਸੰਭਾਲਣ ਦੀ ਕੋਸ਼ਿਸ਼ ਕੀਤੀ। ਭਰਿੰਡ ਉਸ ਦੀ ਛਾਤੀ 'ਤੇ ਬੈਠ ਗਈ। ਉਹ ਇਕਦਮ ਘਬਰਾ ਗਈ। ਉਸ ਨੇ ਆਪਣਾ ਹੱਥ ਮਾਰ ਕੇ ਪਰ੍ਹਾਂ ਕਰਨ ਦੀ ਕੋਸ਼ਿਸ਼ ਕੀਤੀ। ਭਰਿੰਡ ਬਲਾਊਜ਼ ਦੇ ਅੰਦਰ ਉਸ ਦੀਆਂ ਛਾਤੀਆਂ ਦੀ ਵਿਚਕਾਰ ਘਾਟੀ ਵਿਚ ਚਲੀ ਗਈ। ਹੁਣ ਮਾਸਟਰ ਜੀ ਦੀ ਪਤਨੀ ਉੱਚੀ-ਉੱਚੀ ਕਿਲਕਾਰੀਆਂ ਮਾਰਨ ਲੱਗੀ ਤੇ ਉਹ ਇਕਦਮ ਫਰਸ਼ 'ਤੇ ਲਿਟ ਗਈ। ਉਸ ਦੀ ਸ਼ੁੱਧ-ਬੁੱਧ ਹਿੱਲ ਗਈ। ਮੇਰੇ ਲਈ ਭਾਵੇਂ ਇਹ ਕੋਈ ਵੱਡੀ ਖ਼ਾਸ ਗੱਲ ਨਹੀਂ ਸੀ ਪਰੰਤੂ ਮੈਂ ਭਰਿੰਡ ਨੂੰ ਫੜਨ ਲਈ ਜਾਂ ਮਾਰਨ ਲਈ ਆਪਣੇ ਅਧਿਆਪਕ ਦੀ ਬੀਵੀ ਦੇ ਅੰਗਾਂ ਨੂੰ ਸਪਰਸ਼ ਨਹੀਂ ਕਰ ਸਕਦਾ ਸੀ। ਰੌਲਾ ਸੁਣ ਕੇ ਬੱਚੇ ਵੀ ਰੋਣ ਲੱਗੇ।

ਇਕ ਛੋਟਾ ਬੱਚਾ ਟਿੰਕੂ ਭੱਜ ਕੇ ਮਾਸਟਰ ਜੀ ਨੂੰ ਬੁਲਾ ਲਿਆਇਆ। ਉਧਰੋਂ ਸ਼ੀਲਾ ਦੇਵੀ ਜੀ ਫਰਸ਼ 'ਤੇ ਲਿਟੇ ਪਏ ਇਧਰ-ਓਧਰ ਪਾਸੇ ਲੈ ਰਹੇ ਤੇ ਕਿਲਕਾਰੀਆਂ ਮਾਰੀ ਜਾ ਰਹੇ ਸਨ। ਮੈਂ ਲਾਚਾਰ ਅਤੇ ਮੂਕਦਰਸ਼ਕ ਬਣ ਕੇ ਹੱਕਾ-ਬੱਕਾ ਜਿਹਾ ਬਣਿਆ ਬੈਠਾ ਸੋਚ ਰਿਹਾ ਸੀ ਕਿ ਮੈਂ ਕੀ ਕਰਾਂ ? ਮਾਸਟਰ ਜੀ ਇਹ ਸੀਨ ਵੇਖ ਕੇ ਘਬਰਾ ਗਏ। ਮੈਨੂੰ ਕਹਿਣ ਲੱਗੇ, "ਕੀ ਗੱਲ ਹੋ ਗਈ ?" ਮੈਂ ਦੱਸਿਆ, "ਬੀਬੀ ਜੀ ਦੇ ਭਰਿੰਡ ਲੜ ਗਈ ਐ। ਕੋਈ ਐਡੀ ਵੱਡੀ ਗੱਲ ਨਹੀਂ।" ਮਾਸਟਰ ਜੀ ਨੇ ਆਪਣੀ ਪਤਨੀ ਨੂੰ ਪੁੱਛਿਆ, "ਕਿਥੇ ਲੜੀ ਐ ? ਉਸ ਨੇ ਰੋਂਦੀ-ਰੋਂਦੀ ਨੇ ਦੱਸਿਆ, "ਭਰਿੰਡ ਅਜੇ ਵੀ ਬਲਾਊਜ਼ ਵਿਚ ਐ। ਡੰਗ ਮਾਰ ਰਹੀ ਐ।" ਮੈਥੋਂ ਇਹ ਘਟਨਾ ਵੇਖ ਕੇ ਰਿਹਾ ਨਾ ਗਿਆ, ਮੈਂ ਕਿਹਾ, "ਮਾਸਟਰ ਜੀ ਮੈਂ ਭਰਿੰਡ ਨੂੰ ਮਾਰ ਸਕਦਾ ਹਾਂ। ਜੇ ਤੁਸੀਂ ਬੁਰਾ ਨਾ ਮੰਨੋ।" ਉਸ ਨੇ ਕਿਹਾ, "ਉਹ ਕਿਵੇਂ ?" ਮੈਂ ਦੱਸਿਆ, "ਬੀਬੀ ਜੀ ਦੇ ਬਲਾਊਜ਼ ਵਿਚ ਹੱਥ ਪਾ ਕੇ ਮੈਂ ਭਰਿੰਡ ਨੂੰ ਉੱਥੇ ਹੀ ਮਸਲ ਕੇ ਮਾਰ ਦੂੰ।" ਮਾਸਟਰ ਜੀ ਬੋਲੇ, "ਬੇਟਾ ਸ਼ਰਮਾਅ ਨਾ, ਬੀਬੀ ਜੀ ਤੇਰੀ ਮੰਮੀ ਸਮਾਨ ਨੇ, ਤੂੰ ਸ਼ਰਮਾਅ ਨਾ, ਭਰਿੰਡ ਨੂੰ ਮਾਰ ਦੇ।" ਮੈਂ ਇਕਦਮ ਜੱਟਪੁਣਾ ਵਿਖਾਉਂਦੇ ਹੋਏ ਭਰਿੰਡ ਟੋਹ ਲਈ ... ਜੋ ਕਿ ਸ਼ੀਲਾ ਦੇਵੀ ਦੀ ਕੱਛ ਵਿਚ ਬਲਾਊਜ਼ ਨਾਲ ਚਿੰਬੜੀ ਪਈ ਸੀ। ਮੈਂ ਭਰਿੰਡ ਮਸਲ ਕੇ ਮਾਰ ਕੇ ਬਾਹਰ ਕੱਢ ਲਈ। ਬੀਬੀ ਜੀ ਦੇ ਇਕ ਦੋ ਥਾਂ 'ਤੇ ਸੋਜ਼ਿਸ਼ ਸੀ। ਭਰਿੰਡ ਦਾ ਕੰਡਾ ਕੱਢਿਆ ਤੇ ਕੰਨ ਵਿਚ ਉਂਗਲੀ ਪਾ ਕੇ ਥੋੜ੍ਹੀ-ਥੋੜ੍ਹੀ ਮੈਲ ਸੋਜ਼ਿਸ਼ ਵਾਲੀ ਥਾਂ ਲਾ ਦਿੱਤੀ। ਮਾਸਟਰ ਜੀ ਦੀ ਪਤਨੀ ਨੂੰ ਕੁਝ ਧਰਵਾਸ ਹੋਇਆ। ਘਰ ਵਿਚ ਜੋ ਸੰਤਾਪ ਵਰਗੀ ਸਥਿਤੀ ਹੋਈ ਪਈ ਸੀ, ਉਹ ਠੀਕ ਹੋ ਗਈ।

ਅਗਲੇ ਦਿਨ ਮੈਂ ਜਦੋਂ ਫੇਰ ਪੜ੍ਹਨ ਲਈ ਆਇਆ ਮਾਸਟਰ ਜੀ ਦੀ ਪਤਨੀ ਨੇ ਮੈਨੂੰ ਆਖਿਆ, "ਕਾਕਾ ਤੂੰ ਸਾਡੇ ਘਰ ਦਾ ਮੈਂਬਰ ਏਂ। ਮੇਰਾ ਬੱਚਾ ਏਂ, ਹੁਣ ਤੂੰ ਟਿਊਸ਼ਨ ਫੀਸ ਨਹੀਂ ਦੇਣੀ। ਮਾਸਟਰ ਜੀ ਨਾਲ ਮੇਰੀ ਗੱਲ ਹੋ ਗਈ ਏ।" ਮੈਂ ਕਿਹਾ, "ਬੀਬੀ ਜੀ ਨਹੀਂ, ਸਾਡੇ ਘਰ ਦੇ ਨਹੀਂ ਮੰਨਣੇ। ਮੇਰੇ ਨਾਨਾ ਜੀ ਕਹਿੰਦੇ ਹੁੰਦੇ ਨੇ ਕਿ ਮਾਸਟਰ ਕੋਲੋਂ ਵਿੱਦਿਆ ਮੁਫ਼ਤ ਨਹੀਂ ਪੜ੍ਹਨੀ ਚਾਹੀਦੀ। ਗੁਣ ਹਾਸਲ ਕਰਨ ਲੱਗੇ ਕੁਝ ਕੋਲੋਂ ਜ਼ਰੂਰ ਦੇਣਾ ਹੁੰਦਾ ਐ... ਨਾਲੇ ਬੀਬੀ ਜੀ ਤੁਹਾਡੇ ਕਿਹੜੇ ਹੱਲ ਚਲਦੇ ਨੇ ਤੁਸੀਂ ਬੱਚੇ ਪਾਲਣੇ ਨੇ। ਬੱਸ ਮੇਰੇ 'ਤੇ ਇਹੋ ਪਰਉਪਕਾਰ ਕਰਨਾ ਕਿ ਪਿੰਡ ਵਿਚ ਮੇਰੀ

ਜ਼ਿੱਦ ਹੋਈ ਐ ਕਿ ਮੈਂ ਹਰ ਹਾਲਤ ਵਿਚ ਪਾਸ ਹੋਣਾ ਐਂ... ਮਾਸਟਰ ਜੀ ਨੂੰ ਇਹ ਕਹਿ ਦੇਣਾ ਕਿ ਮੇਰਾ ਸਾਰਾ ਸਿਲੇਬਸ ਪੂਰਾ ਕਰਵਾ ਕੇ ਮੇਰੇ ਟੈਸਟ ਲੈਣ ਤਾਂ ਜੋ ਮੈਂ ਹਰ ਹਾਲਤ ਵਿਚ ਪਾਸ ਹੋ ਸਕਾਂ।

ਮਾਸਟਰ ਜੀ ਨੇ ਮੈਨੂੰ ਆਪਣੇ ਬੱਚਿਆਂ ਦੀ ਤਰ੍ਹਾਂ ਪੜ੍ਹਾਇਆ ਅਤੇ ਸਕੂਨ ਦਿੱਤਾ ਐ।" ਮੈਨੂੰ ਪੇਪਰ ਤੋਂ ਪਹਿਲਾਂ ਕੁਝ ਜ਼ਰੂਰੀ ਸਵਾਲ ਵੀ ਦੱਸ ਦਿੱਤੇ। ਬੋਰਡ ਦਾ ਅੱਠਵੀਂ ਦਾ ਪਰਚਾ ਸੀ। ਮੈਂ ਉਨ੍ਹਾਂ ਦੀ ਅਪਾਰ ਕ੍ਰਿਪਾ ਨਾਲ ਹੌਲਦਾਰ ਦੇ ਮੁੰਡੇ ਵਾਂਗ ਇਕ ਸਾਲ ਵਿਚ ਦੋ ਜਮਾਤਾਂ ਪਾਸ ਕਰ ਗਿਆ। ਜਦੋਂ ਵੀ ਮੈਂ ਕਦੇ ਉਸ ਘਰ ਕੋਲ ਦੀ ਲੰਘਦਾ, ਹਵੇਲੀ ਵੇਖ ਕੇ, ਭਰਿੰਡ ਦੀ ਗੱਲ ਮੇਰੇ ਯਾਦ ਆ ਜਾਂਦੀ।

ਜਦੋਂ ਮੈਂ ਪਾਸ ਹੋ ਕੇ ਮਾਸਟਰ ਜੀ ਦੇ ਘਰ ਖੋਏ ਦੀਆਂ ਪਿੰਨੀਆਂ ਦਾ ਡੱਬਾ ਲੈ ਕੇ ਗਿਆ, ਮੈਨੂੰ ਵੇਖ ਕੇ ਉਹ ਸਾਰਾ ਟੱਬਰ ਖੁਸ਼ ਹੋਇਆ। ਮੈਨੂੰ ਕਹਿਣ ਲੱਗੇ, "ਕਿਉਂ ਹੁਣ ਤੇਰੀ ਜ਼ਿੱਦ ਪੂਰੀ ਹੋ ਗਈ? ਪਿੰਡ ਦੇ ਸ਼ਰੀਕਾਂ ਵਿਚ ਤੋਂ ਰੀਸ ਜੋ ਕੀਤੀ ਸੀ... ਕਿਸੇ ਦੇ ਮਗਰ ਲਗ ਕੇ?" ਮੈਂ ਕਿਹਾ, "ਮਾਸਟਰ ਜੀ ਸੱਚ ਹੀ ਕਹਿੰਦੇ ਨੇ, ਜਬ ਬਾਣ ਲਾਗਿਓ ਤਬੈ ਰੋਸ ਜਾਗਿਓ... ਮੈਨੂੰ ਖੁੰਡਾਂ 'ਤੇ ਬੈਠੇ ਬੰਦੇ ਨੇ ਜੋ ਬੋਲੀ ਮਾਰੀ ਸੀ, ਉਸ ਦੀ ਗੱਲ ਬਾਣ ਵਾਂਗੂੰ ਚੁਭ ਗਈ ਸੀ। ਦੋਵੇਂ ਮਸਲੇ ਹੱਲ ਹੋ ਗਏ।" ਸਾਰੇ ਹੱਸਣ ਲੱਗ ਪਏ।

◆◆◆

## ਅੰਕ-9

# ਜ਼ਿੰਦਗੀ ਦਾ ਕੂਹਣੀ ਮੋੜ

ਦੁੱਖ ਕਦੇ ਨਹੀਂ ਕੱਲੇ ਆਉਂਦੇ, ਬੰਨ੍ਹ-ਬੰਨ੍ਹ ਆਉਣ ਕਤਾਰਾਂ ਹੂ।
ਕੁੱਝ ਦੁੱਖ ਸਾਡੇ ਆਪ ਸਹੇੜੇ, ਕੁੱਝ ਦੁੱਖ ਦਿੱਤੇ ਸਰਕਾਰਾਂ ਹੂ।

ਅਗਲੇ ਸਾਲ ਫੇਰ ਸਰਕਾਰੀ ਹਾਈ ਸਕੂਲ ਭਾਈ-ਕੀ-ਪਸ਼ੌਰ ਵਿੱਚ ਮੈਂ ਦਸਵੀਂ ਦਾ ਦਾਖ਼ਲਾ ਲੈ ਲਿਆ। ਭੰਗੜੇ, ਫੁੱਟਬਾਲ ਅਤੇ ਕਬੱਡੀ ਦੀ ਟੀਮ 'ਚ ਵੀ ਸ਼ਾਮਿਲ ਕਰ ਲਿਆ ਗਿਆ। ਗਰਮੀਆਂ ਦੀਆਂ ਛੁੱਟੀਆਂ ਹੋਈਆਂ, ਸੁਨਾਮ ਜਨਤਾ ਕੋਚਿੰਗ ਹਾਈ ਸਕੂਲ ਜਿਸ ਦਾ ਹੈੱਡ ਮਾਸਟਰ ਸਾਵਣ ਰਾਮ ਨਾਗਪਾਲ ਸੀ, ਉਸ ਕੋਲ ਟਿਊਸ਼ਨ ਰੱਖ ਲਈ। ਉਹ ਬਿਆਲੀ ਦਿਨਾਂ 'ਚ ਦਸਵੀਂ ਦੇ ਸਾਰੇ ਵਿਸ਼ੇ ਖ਼ੁਦ ਪੜ੍ਹਾ ਕੇ ਸਿਲੇਬਸ ਖ਼ਤਮ ਕਰ ਦਿੰਦਾ ਸੀ। ਮੈਂ ਉਸ ਦਾ ਸਭ ਤੋਂ ਹੁਸ਼ਿਆਰ ਵਿਦਿਆਰਥੀ ਮੰਨਿਆ ਜਾਂਦਾ ਸੀ। ਜਦੋਂ ਉਹ ਅਲਜਬਰੇ ਜਾਂ ਮੈਥ ਦੇ ਸੁਆਲ ਦੀ ਰਕਮ ਬੋਰਡ 'ਤੇ ਲਿਖਦਾ, ਉਸ ਦੇ ਲਿਖਦੇ ਸਾਰ ਹੀ ਮੈਂ ਬਾਂਹ ਖੜ੍ਹੀ ਕਰਕੇ ਉੱਤਰ ਦੱਸ ਦਿੰਦਾ, ਜੋ ਠੀਕ ਹੁੰਦਾ। ਉਹ ਹੈਰਾਨ ਹੋ ਕੇ ਮੈਨੂੰ ਪੁੱਛਦਾ ਇਹ ਕਿਵੇਂ ਕਰਦਾ ਹੈਂ। ਮੈਂ ਦੱਸਦਾ ਕਿ ਮੈਂ ਆਪਣੇ ਮਨ ਵਿੱਚ ਹੀ ਕੈਲਕੂਲੇਸ਼ਨ ਕਰਕੇ ਸਿੱਧਾ ਉੱਤਰ ਤੱਕ ਪੁੱਜ ਜਾਂਦਾ ਹਾਂ। ਉਸ ਨੇ ਕਹਿਣਾ, "ਕਾਕਾ ਮੈਥ ਦਿਲ ਵਿੱਚ ਵਸਾਉਣਾ ਪੈਂਦਾ ਹੈ ਬਹੁਤ ਅਭਿਆਸ ਮੰਗਦਾ ਹੈ ਤੂੰ ਜਿੰਨੇ ਛੇਤੀ ਸਮਝਦਾ ਹੈ ਉਤਨੇ ਛੇਤੀ ਹੀ ਭੁੱਲ ਜਾਵੇਂਗਾ। ਮੇਰੇ ਨਾਲ਼ ਇੰਝ ਹੀ ਹੋਈ, ਦੱਸਵੀਂ ਤੋਂ ਬਾਅਦ ਮੈਥ ਛੱਡਣ ਨਾਲ਼ ਹੁਣ ਮੈਨੂੰ ਪੰਜਵੀਂ ਤੱਕ ਦਾ ਮੈਥ ਵੀ ਭੁੱਲ ਗਿਆ। ਸਿਆਣੇ ਦੇ ਆਖੇ ਤੇ ਔਲੇ ਦੇ ਖਾਧੇ ਦਾ ਅਸਰ ਦੇਰ 'ਚ ਹੁੰਦੈ।

ਇਕ ਦਿਨ ਅਸੀਂ ਟਿਊਸ਼ਨ ਤੋਂ ਪੜ੍ਹ ਕੇ ਆਏ ਹੀ ਸੀ ਮੇਰਾ ਜਮਾਤੀ ਤੇ ਮੇਰਾ ਮਾਮਾ ਲੱਗਦਾ ਸੱਜਣ ਸਿੰਘ ਅਸੀਂ ਦੋਵੇਂ ਜਣੇ ਸਾਡੇ ਪਿੰਡ ਕੋਲ ਦੀ ਲੰਘਦੀ ਘੱਗਰ ਬ੍ਰਾਂਚ ਨਹਿਰ ਦੇ ਕਿਨਾਰੇ 'ਤੇ ਨਹਿਰੀ ਕੋਠੀ ਦੇ ਕੋਲ ਰੈਸਟ ਹਾਊਸ ਵਾਲੇ ਪਾਸੇ ਝਾਲ ਦੇ ਕੋਲ ਖੜ੍ਹੀਆਂ ਜਾਮਣਾਂ ਤੋਂ ਜਾਮਣੂ ਖਾਣ ਚਲੇ ਗਏ। ਮੈਂ ਜਾਮਣ ਉੱਪਰ ਚੜ੍ਹ ਕੇ ਤੋੜਦਾ ਰਿਹਾ, ਸੱਜਣ ਹੇਠੋਂ ਚੁੱਕਦਾ ਰਿਹਾ। ਪਤਲੀ ਟਾਹਣੀ ਨੂੰ ਪੈਰ ਦੇ ਅੰਗੂਠੇ ਦੀ ਉਂਗਲ ਨਾਲ ਮਰੋੜਨ ਲੱਗਿਆ ਤਾਂ ਟਾਹਣੀ ਟੁੱਟ ਗਈ ਤੇ ਮੇਰੀ ਡਿੱਗਦੇ ਸਾਰ ਹੀ 'ਹਾਏ' ਨਿੱਕਲੀ ਤੇ ਪਤਾ ਲੱਗਿਆ ਕਿ ਲੱਤ ਟੁੱਟ ਗਈ। ਨਾਲ ਦੇ ਪਿੰਡ ਨੰਗਲਾ ਦਾ, ਇਕ ਸ਼ਰਾਬੀ, ਲਾਲਚੀ, ਅਨਪੜ੍ਹ ਦਰਿੰਦਾ ਜੋ (ਹੱਡ ਪੈਰ ਜੋੜਨ ਬੰਨ੍ਹਣ) ਦਾ ਕੰਮ ਕਰਦਾ ਸੀ। ਉਸ ਨੂੰ ਬੁਲਾ ਕੇ ਲਿਆਂਦਾ।

ਜਦੋਂ ਉਹ ਹਥਾਈ ਦਰਵਾਜ਼ੇ ਵਿੱਚ ਦੀ ਸਾਡੇ ਘਰ ਵੱਲ ਨੂੰ ਆ ਰਿਹਾ ਸੀ, ਪਿੰਡ ਦੇ ਇਕ ਮਨਚਲੇ ਮੂੰਹ ਫੱਟ ਕਿਸਮ ਦੇ ਖੁੰਢ ਪੰਚਾਇਤ ਦੇ ਬੰਦੇ ਸੰਤ ਸਿੰਘ ਚੰਠੇ ਨੇ ਖੰਘੂਰਾ ਮਾਰ ਕੇ ਪੁੱਛਿਆ, "ਓਏ ਬੰਤਿਆ, ਕਿਵੇਂ ਅੱਜ ਤੇਰਾ ਸਾਡੇ ਪਿੰਡ ਆਉਣਾ ਹੋਇਆ, ਖ਼ੈਰ ਸੁਖ ਵੀ ਐ?" ਬੰਤੇ ਨੇ ਦੱਸਿਆ ਕਿ ਹਰੀ ਨੰਦ ਸਿੰਘ ਦਾ ਦੋਹਤਾ ਜਾਮਣ ਦੇ ਦਰੱਖਤ ਤੋਂ ਡਿੱਗ ਪਿਆ ਹੈ ਉਸ ਦੀ ਲੱਤ ਬੰਨ੍ਹਣ ਜਾ ਰਿਹਾ ਹਾਂ। ਸੰਤ ਨੇ ਫੇਰ ਟਕੋਰ ਮਾਰਦੇ ਨੇ ਕਿਹਾ ਕਿ ਪਰਿਵਾਰ ਤਾਂ ਰੱਜਿਆ ਪੁੱਜਿਆ ਐ ਪਰ ਸੁਣਿਐ ਨਾ ਪੀਂਦੇ-ਖਾਂਦੇ ਨੇ, ਨਾ ਕਿਸੇ ਦੀ ਖਾਣ-ਪੀਣ ਦੀ ਸੇਵਾ ਕਰਦੇ ਨੇ। ਬੰਤੇ ਨੇ ਪਤਾ ਨਹੀਂ ਆਪਣੀ ਮੂਰਖਤਾ ਤੇ ਅਨਾੜੀਪੁਣੇ ਕਰਕੇ ਜਾਂ ਕੁੱਝ ਖਾਣ-ਪੀਣ ਦੇ ਲਾਲਚ ਕਰਕੇ ਮੇਰੀ ਲੱਤ ਗ਼ਲਤ ਨੀਅਤ ਨਾਲ, ਗ਼ਲਤ ਢੰਗ ਦੋਵੇਂ ਲੱਤਾਂ-ਗੋਢੇ ਖੜ੍ਹੇ ਕਰਕੇ ਕੱਪੜੇ ਨਾਲ ਬੰਨ੍ਹ ਦਿੱਤੀ, ਜੇ ਚੂਲਾ ਨਾ ਵੀ ਟੁੱਟਿਆ ਹੁੰਦਾ ਤਾਂ ਖ਼ਰਾਬ ਹੋ ਜਾਂਦਾ। ਕਈ ਦਿਨ ਦਰਦ ਹੁੰਦਾ ਰਿਹਾ। ਫੇਰ ਬੰਤੇ ਨੂੰ ਛੱਡ ਕੇ ਛਾਜਲੇ ਪਿੰਡ ਦਾ ਇਕ ਬਜ਼ੁਰਗ ਲੱਤਾਂ ਬਾਹਾਂ ਬੰਨ੍ਹਣ ਦਾ ਕੰਮ ਕਰਦਾ ਸੀ, ਉਸ ਕੋਲ ਲੈ ਗਏ, ਮਹੀਨਾ ਉਸ ਕੋਲ ਲੱਗਿਆ ਫੇਰ ਵੀ ਠੀਕ ਨਾ ਹੋਈ।

ਅਖੀਰ ਇਹ ਫ਼ੈਸਲਾ ਕੀਤਾ ਕਿ ਇਹ ਦੇਸੀ ਨੀਮ ਹਕੀਮ ਲੱਤ ਖਰਾਬ ਕਰ ਦੇਣਗੇ ਇਹਨਾਂ ਨੂੰ ਛੱਡ ਕੇ ਡਾਕਟਰ ਕਰਮ ਸਿੰਘ ਗਰੇਵਾਲ ਜੋ ਮੇਰੀ ਮਾਤਾ ਜੀ ਦੀ ਭੂਆ ਦੇ ਜੁਆਈ ਸ. ਭਰਪੂਰ ਸਿੰਘ ਗਰੇਵਾਲ ਦਾ ਸਕਾ ਚਾਚਾ ਸੀ, ਉਹ ਅੰਮ੍ਰਿਤਸਰ ਰੇਲਵੇ ਵਿਭਾਗ ਵਿੱਚ ਨੌਕਰੀ ਕਰਦੇ ਸਨ ਅਤੇ ਡਾਕਟਰ ਕਰਮ ਸਿੰਘ ਗਰੇਵਾਲ, ਉਸ ਵੇਲੇ ਦੇ ਹੱਡੀਆਂ ਦੇ ਮਾਹਰ ਡਾਕਟਰ ਦੇ ਘਰ ਹੀ ਰਹਿੰਦੇ ਸੀ। ਮੇਰੇ ਮਾਮਾ ਜੀ (ਮੇਰੀ ਮਾਤਾ ਦੇ ਭੂਆ ਦੇ ਲੜਕੇ) ਸ. ਕਰਤਾਰ ਸਿੰਘ ਸੂਲਰ ਪਿੰਡ ਤੋਂ ਮੈਨੂੰ ਅੰਮ੍ਰਿਤਸਰ ਲੈ ਕੇ ਗਏ। ਅਸੀਂ ਕੁੱਝ ਦਿਨ ਡਾਕਟਰ ਕਰਮ ਸਿੰਘ ਦੇ ਘਰ ਹੀ ਠਹਿਰੇ ਤੇ ਲੰਗਰ ਫੁਲਕਾ ਉਥੇ ਹੀ ਛੱਕਦੇ। ਡਾਕਟਰ ਕਰਮ ਸਿੰਘ ਦੀ ਘਰਵਾਲੀ ਭਾਵੇਂ ਬਿਲਕੁਲ ਅਨਪੜ੍ਹ ਸੀ, ਪਰੰਤੂ ਓਪਰੇਸ਼ਨ ਤੋਂ ਪਹਿਲਾਂ ਓਪਰੇਸ਼ਨ ਥੀਏਟਰ ਅਤੇ ਸਾਰੇ ਔਜ਼ਾਰ ਉਹ ਖ਼ੁਦ ਆਪਣੀ ਨਿਗਰਾਨੀ ਵਿੱਚ ਕੀਟਾਣੂ ਰਹਿਤ ਕਰਾਉਂਦੀ। ਕੁਦਰਤ ਦੀ ਕਿਰਪਾ ਤੇ ਵੱਡੀ ਅੰਟੀ ਦੀ ਚੌਕਸੀ ਸਦਕਾ ਉਹਨਾਂ ਦੇ ਹਸਪਤਾਲ ਵਿੱਚ ਕਦੇ ਵੀ ਕਿਸੇ ਮਰੀਜ਼ ਦੇ ਇਨਫੈਕਸ਼ਨ ਨਹੀਂ ਹੋਈ।

ਦੋ ਕੁ ਦਿਨ ਉਹਨਾਂ ਦੀ ਲੂਣ ਘਿਉ ਰਹਿਤ ਦਾਲ ਸਬਜ਼ੀ ਵੇਖ ਕੇ ਮੈਂ ਮਾਮਾ ਜੀ ਨੂੰ ਕਿਹਾ ਕਿ ਅਸੀਂ ਰੋਟੀ ਬਾਹਰੋਂ ਕਿਤੋਂ ਹੋਟਲ ਤੋਂ ਖਾ ਆਇਆ ਕਰੀਏ ਕਿਉਂਕਿ ਇਹ ਆਪਾਂ ਨੂੰ ਰੋਟੀ ਨੌਕਰਾਂ ਚਾਕਰਾਂ ਵਰਗੀ ਦਿੰਦੇ ਨੇ, ਜਿਸ ਵਿੱਚ ਨਾ ਘਿਉ ਨਾ ਮਿਰਚ ਨਾ ਲੂਣ। ਮਾਮਾ ਜੀ ਨੇ ਵੱਡੇ ਬੀਬੀ ਜੀ ਨੂੰ ਕਿਹਾ, "ਮਾਸੀ ਜੀ, ਜੇ ਥੋੜਾ ਮੱਖਣ ਹੋਵੇ ਤਾਂ ਕਾਕੇ ਦੀ ਦਾਲ ਸਬਜ਼ੀ 'ਚ ਪਾ ਦਿਆ ਕਰੋ।" ਉਸ ਨੇ ਹੱਸ ਕੇ ਮੱਥੇ 'ਤੇ ਹੱਥ ਮਾਰ ਕੇ ਕਿਹਾ ਕਿ ਉਹ ਤਾਂ ਸੱਤਰਾਂ ਸਾਲਾਂ ਨੂੰ ਢੁੱਕੇ ਨੇ, ਉਹਨਾਂ ਲਈ ਲੂਣ ਮਿੱਠਾ ਘਿਉ ਸਭ ਘੱਟ ਕੀਤੇ ਹੋਏ। ਨੌਕਰ ਨੂੰ ਅਵਾਜ਼ ਮਾਰ ਕੇ ਇੱਕੋ ਵਾਰ ਸਾਰੇ ਬੰਧਨ ਖੋਲ੍ਹਤੇ ਨਾਲੇ ਬਾਈ ਰਾਮ ਅਵਤਾਰ, ਇਹ ਆਪਣੇ ਭਰਪੂਰ ਬਾਈ ਦੇ ਸਹੁਰਿਆਂ ਤੋਂ ਰਿਸ਼ਤੇਦਾਰ ਆਏ ਨੇ ਇਹਨਾਂ ਦੀ ਦਾਲ ਸਬਜ਼ੀ ਚਾਹ ਦੁੱਧ ਰੋਟੀ ਪਰੌਂਠੇ ਤੇ ਪੂਰਾ ਘਿਉ ਮੱਖਣ ਦਹੀਂ ਪਾਉਣਾ ਏ। ਮਸਾਂ-ਮਸਾਂ ਤਾਂ ਘਰ 'ਚ ਕੋਈ ਇਹ ਸਭ ਕੁੱਝ ਖਾਣ ਵਾਲਾ ਆਇਆ ਹੈ। ਫੇਰ ਸਾਡੀ ਸੇਵਾ ਪੂਰੀ ਬਰਾਤੀਆਂ ਵਰਗੀ ਹੋਈ।

ਡਾਕਟਰ ਸਾਹਿਬ ਨੇ ਮੇਰੇ ਚੂਲੇ ਦਾ ਓਪਰੇਸ਼ਨ ਕਰ ਕੇ ਤਿੰਨ ਮਹੀਨੇ ਦਾ ਲੰਮਾ ਪਲੱਸਤਰ ਲਾ ਦਿੱਤਾ ਮੇਰੇ ਮਾਮਾ ਜੀ ਕਰਤਾਰ ਸਿੰਘ ਸੂਲਰ ਵਾਲੇ ਮੇਰਾ ਓਪਰੇਸ਼ਨ ਕਰਵਾ ਕੇ ਪਿੰਡ ਆ ਗਏ ਪਰ ਮੇਰੇ ਛੋਟੇ ਮਾਮਾ ਖੀਵਾ ਸਿੰਘ ਮੇਰੀ ਦੇਖ ਭਾਲ ਲਈ ਮੇਰੇ ਕੋਲ ਪੁੱਜ ਗਏ। ਮੇਰੇ ਮਾਮਾ ਜੀ ਮੈਨੂੰ ਦਸ ਦਿਨਾਂ ਬਾਅਦ ਅੰਮ੍ਰਿਤਸਰ ਤੋਂ ਛਾਜਲੀ ਤੱਕ ਰੇਲ ਗੱਡੀ ਰਾਹੀਂ ਲੈ ਕੇ ਆਏ। ਅਸੀਂ ਅੱਧੀ ਰਾਤ ਨੂੰ ਛਾਜਲੀ ਸਟੇਸ਼ਨ 'ਤੇ ਪਹੁੰਚੇ। ਉਹਨਾਂ ਦਿਨਾਂ ਵਿੱਚ ਉੱਥੇ ਨਾ ਕੋਈ ਟੈਲੀਫੋਨ ਨਾ ਕੋਈ ਟੈਕਸੀ ਮਿਲਦੀ ਸੀ। ਮੇਰੇ ਮਾਮਾ ਜੀ, ਜਿਸ ਦੀ ਟੋਕਾ ਕੁਤਰਦੇ ਦੀ ਖ਼ੁਦ ਵੀ ਦੋ ਤਿੰਨ ਸਾਲ ਪਹਿਲਾਂ ਬਾਂਹ ਕੱਟੀ ਗਈ ਸੀ ਪਰ ਉਹ ਸਰੀਰਕ ਤੌਰ 'ਤੇ ਨਰੋਏ ਹੋਣ ਕਰਕੇ ਮੈਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਦੋ ਢਾਈ ਘੰਟਿਆਂ 'ਚ ਪੈਦਲ ਹੀ ਪਿੰਡ ਲੈ ਆਏ। ਉਹ ਨਾ ਥੱਕੇ ਨਾ ਅੱਕੇ ਪਰ ਮੈਂ ਦੋ ਵਾਰ ਪੰਜ-ਪੰਜ ਮਿੰਟ ਲਈ ਦਮ ਲੈਣ ਲਈ ਉਤਰਨ ਨੂੰ ਕਿਹਾ। ਜਿਸ ਛਾਜਲੀ ਪਿੰਡ ਦਾ ਮੇਲਾ ਵੇਖਣ ਮੈਂ ਸਾਡੇ ਨੌਕਰ ਛੋਟਾ ਸਿੰਘ ਦੇ ਮੋਢਿਆਂ ਤੇ ਚੜ੍ਹ ਕੇ ਨਿੱਕੇ ਹੁੰਦੇ ਮੇਲੇ ਦਾ ਨਜ਼ਾਰਾ ਵੇਖ ਕੇ ਜਲੇਬੀਆਂ ਤੇ ਕਰਾਰੇ ਪੱਤੌੜ ਖਾ ਕੇ ਅਲਗੋਜ਼ੇ ਪੀਪਣੀਆਂ ਵਜਾਉਂਦੇ ਮੁੜਦੇ ਹੁੰਦੇ ਸੀ ਅੱਜ ਅੱਧੀ ਰਾਤ ਨੂੰ ਮਾਮੇ ਦੇ ਮੋਢਿਆਂ 'ਤੇ ਚੜ੍ਹ ਕੇ ਸੁੰਨ-ਸਾਨ ਰਾਤ ਨੂੰ ਪਿੰਡ ਵੱਲ ਚਾਲੇ ਪਾਏ ਹੋਏ ਸੀ। ਨਿੱਕੀ ਜਹੀ ਗਲਤੀ ਕਰਕੇ ਸਾਰੀ ਉਮਰ ਦੇ ਖਮਿਆਜ਼ੇ ਭੁਗਤਣੇ ਪਏ। ਹੋਣੀ ਦੇ ਲੇਖਾਂ ਨੂੰ ਕੌਣ ਜੋ ਮੋੜ ਲਿਆਵੇ।

ਅੱਲੜ੍ਹ ਉਮਰੇ ਮੰਜੇ 'ਤੇ ਪਲਸਤਰ ਲੱਗ ਕੇ ਪੈਣਾ ਕਾਲ ਕੋਠੜੀ ਦੀ ਜੇਲ੍ਹ ਨਾਲੋਂ ਵੀ ਔਖਾ ਸੀ। ਮੈਂ ਤਿੰਨ ਮਹੀਨੇ ਕਿਤੇ ਟਿਊਸ਼ਨ ਪੜ੍ਹਨ ਨਹੀਂ ਜਾ ਸਕਦਾ ਸੀ, ਨਾ ਕੋਈ ਪਿੰਡ 'ਚ ਟੀਚਰ ਟਿਊਸ਼ਨ ਪੜ੍ਹਾਉਣ ਵਾਲਾ ਮਿਲਦਾ ਸੀ। ਉਸ ਦੌਰਾਨ ਮੈਨੂੰ ਸਾਡੇ ਪਿੰਡ ਦੇ ਸੀਨੀਅਰ ਤੇ ਸਿਆਣੇ ਮੁੰਡੇ ਅਜਾਇਬ ਸਿੰਘ ਨੇ ਸਲਾਹ ਦਿੱਤੀ ਕਿ ਮੈਂ ਹੁਣ ਦਸਵੀਂ ਦੇ ਪੇਪਰ ਦੇਣ ਦੀ ਬਜਾਏ ਗਿਆਨੀ ਕਰ ਲਵਾਂ। ਮੈਂ ਗਿਆਨੀ ਦੀ ਫ਼ੀਸ ਭਰ ਕੇ ਮੰਜੇ 'ਤੇ ਪਿਆ ਪੜ੍ਹਾਈ ਕਰਦਾ ਰਿਹਾ।

ਪਲਸਤਰ ਖੁੱਲ੍ਹ ਗਿਆ ਤੇ ਮੈਂ (ਕਰੱਚਜ਼) ਫਹੁੜੀਆਂ ਲੈ ਕੇ ਗਿਆਨੀ ਦੇ ਪੇਪਰ ਸੰਗਰੂਰ ਦੇ ਆਇਆ। ਮੇਰੀ ਰਿਸ਼ਤੇਦਾਰੀ ਨਾਲ ਈਲਵਾਲ ਪਿੰਡ ਵਿੱਚ ਸੀ ਜਿੱਥੋਂ ਮੈਂ ਰੋਜ਼ ਆ ਕੇ ਪੇਪਰ ਦਿੰਦਾ ਰਿਹਾ। ਗਿਆਨੀ 'ਚੋਂ ਮੈਂ ਪਾਸ ਹੋ ਗਿਆ।

ਗਿਆਨੀ ਪਾਸ ਕਰਕੇ ਫੇਰ ਮੈਂ ਸਪਲੀਮੈਂਟਰੀ ਸੈਸ਼ਨ ਲਈ ਦਸਵੀਂ ਦੀ ਤਿਆਰੀ ਕਰਨ ਲਈ ਪ੍ਰਾਈਵੇਟ ਮਾਸਟਰ ਸਾਵਣ ਰਾਮ ਕੋਲ ਟਿਊਸ਼ਨ ਰੱਖ ਲਈ। ਮੈਂ ਸਾਈਕਲ ਚਲਾਉਣ ਜੋਗਾ ਹੋ ਗਿਆ ਸੀ। ਮਾਸਟਰ ਜੀ ਨੂੰ ਮੇਰੀ ਹਾਲਤ ਵੇਖ ਬਹੁਤ ਦੁੱਖ ਹੋਇਆ ਤੇ ਮੇਰੇ ਨਾਲ਼ ਉਸ ਦੀ ਹਮਦਰਦੀ ਤੇ ਮੋਹ ਹੋਰ ਵੱਧ ਗਿਆ। ਉਹਨਾਂ ਨੇ ਮੈਨੂੰ ਸਲਾਹ ਦਿੱਤੀ ਕਿ ਮੈਂ ਦੱਸਵੀਂ ਵਿੱਚ ਫ਼ਿਜ਼ਿਕਸ ਕਮਿਸਟਰੀ ਛੱਡ ਕੇ ਹਾਈਜੀਨ ਫ਼ਿਜ਼ੋਲੋਜੀ ਲੈ ਲਵਾਂ ਕਿਉਂਕਿ ਉਨ੍ਹਾਂ ਕੋਲ ਫ਼ਿਜ਼ਿਕਸ ਤੇ ਕਮਿਸਟਰੀ ਦੀ ਲੈਬੋਟਰੀ ਨਹੀਂ ਸੀ। ਮੈਂ ਉਹਨਾਂ ਦੀ ਸਲਾਹ ਅਨੁਸਾਰ ਕੀਤਾ ਕਿਉਂਕਿ ਮੈਂ ਵੈਸੇ ਵੀ ਅੱਗੇ ਦੋ ਸਾਲ 'ਚ ਵਾਇਆ ਬਠਿੰਡਾ ਬੀ.ਏ. ਕਰਨੀ ਸੀ, ਆਰਟਸ ਗਰੁੱਪ ਲੈਣਾ ਸੀ। ਦਸਵੀਂ ਦੇ ਇਮਤਿਹਾਨ ਵਿਚੋਂ ਮੈਂ ਹਾਈ ਸੈਕੰਡ ਡਵੀਜ਼ਨ ਨਾਲ਼ ਪਾਸ ਹੋ ਗਿਆ। ਮੇਰੇ ਜਮਾਤੀ ਜੋ ਮੈਥੋਂ ਅੱਗੇ ਨਿਕਲ ਗਏ ਸੀ ਮੈਂ ਗਿਆਰ੍ਹਵੀਂ 'ਚ ਉਹਨਾਂ ਦੇ ਨਾਲ਼ ਜਾ ਰਲਿਆ। ਮੈਂ ਪ੍ਰਾਈਵੇਟ ਤਿਆਰੀ ਕਰਦਾ ਸੀ। ਮੇਰੇ ਜਮਾਤੀ ਮੈਨੂੰ ਡਰਾਵੇ ਦੇਣ ਕਿ ਕਾਲਜ ਤੋਂ ਬਿਨਾਂ ਨਹੀਂ ਪਾਸ ਹੋਇਆ ਜਾਣਾ। ਅੱਗੇ ਤਾਂ ਵੱਖ ਵੱਖ ਕਿਤਾਬ ਦੇ ਲੇਖਕਾਂ ਦੇ ਹਵਾਲੇ ਤੇ ਕੁਟੇਸ਼ਨਾਂ ਦੇਣੀਆਂ ਪੈਂਦੀਆਂ ਨੇ। ਮੈਂ ਗਿਆਰ੍ਹਵੀਂ 'ਚ ਆਪਣਾ ਮੀਡੀਅਮ ਅੰਗਰੇਜ਼ੀ ਹੀ ਰੱਖਿਆ।

ਸੁਨਾਮ ਦਾ ਸ਼ਹੀਦ ਊਧਮ ਸਿੰਘ ਡਿਗਰੀ ਕਾਲਜ ਉਦੋਂ ਪ੍ਰਾਈਵੇਟ ਸੀ ਅਜੇ ਖੁੱਲ੍ਹਿਆ ਹੀ ਸੀ। ਮੇਰੇ ਪਿੰਡ ਦਾ ਮੁੰਡਾ ਅਜੈਬ ਸਿੰਘ ਮੈਡੀਕਲ ਛੱਡ ਕੇ ਉਹ ਵੀ ਵਾਇਆ ਬਠਿੰਡਾ ਬੀ.ਏ. ਕਰਦਾ ਸੀ। ਉਹ ਮੇਰਾ ਰੋਲ ਮਾਡਲ ਸੀ। ਮਿਹਨਤੀ, ਸਿਆਣਾ ਤੇ ਮੇਰਾ ਮਦਦਗਾਰ ਵੀ ਸੀ। ਮੈਂ ਉਸ ਦੀ ਮਦਦ ਨਾਲ਼ ਗਿਆਰ੍ਹਵੀਂ ਦੇ ਕੱਚੇ ਪੇਪਰਾਂ 'ਚ ਪ੍ਰੋ. ਸੁਖਦੇਵ ਸਿੰਘ ਦੀ ਮਦਦ ਨਾਲ਼ ਆਪਣੇ ਆਪ ਨੂੰ ਮਾਪਣ ਲਈ ਕਾਲਜ ਦੇ ਵਿੱਚ ਪੇਪਰ ਦੇ ਦਿੰਦਾ। ਉਹਨਾਂ ਨੇ ਮਾਰਕਿੰਗ ਕਰਵਾ ਕੇ ਮੇਰੇ ਪੇਪਰ ਮੈਨੂੰ ਮੋੜ ਦਿੱਤੇ ਨਾਲ਼ ਸ਼ਾਬਾਸ਼ ਦਿਤੀ ਕਿ ਤੂੰ ਸਾਡੇ ਕਾਲਜ ਦੇ ਤੀਜੇ-ਚੌਥੇ ਨੰਬਰ ਦੇ ਵਿਦਿਆਰਥੀਆਂ ਦੇ ਬਰਾਬਰ ਹੈਂ। ਕਦੇ ਕੁੱਝ ਪੁੱਛਣਾ ਹੋਇਆ ਜਦੋਂ ਮਰਜ਼ੀ ਆ ਜਾਵੀਂ। ਮੈਨੂੰ ਹੌਂਸਲਾ ਹੋ ਗਿਆ। ਮੈਂ ਪਰੈੱਪ 'ਚੋਂ ਵਧੀਆ ਨੰਬਰ ਲੈ ਕੇ ਪਾਸ ਹੋ ਗਿਆ। ਜਿਹੜੇ ਮੇਰੇ ਬੇਲੀ ਜਮਾਤੀ ਨੰਗਲੇ ਵਾਲੇ ਬਲਦੇਵ ਤੇ ਗੁਰਦੇਵ ਮੈਨੂੰ ਡਰਾਉਂਦੇ ਸੀ ਉਹ ਦੋਵੇਂ ਫੇਲ੍ਹ ਹੋ ਗਏ।

ਮੇਰੀ ਰੀਸ ਕਰਕੇ ਮੇਰੇ ਹਰਮਨ ਪਿਆਰੇ ਟੀਚਰ ਸਾਵਣ ਰਾਮ ਨੇ ਆਪਣੀ ਲੜਕੀ ਨੂੰ ਪ੍ਰਭਾਕਰ ਕਰਵਾ ਕੇ ਵਾਇਆ ਬਠਿੰਡਾ ਬੀ.ਏ. ਸ਼ੁਰੂ ਕਰਵਾ ਦਿਤੀ। ਸਰਦੀਆਂ ਵਿੱਚ ਸਵੇਰੇ ਸੱਤ ਵਜੇ ਕਲਾਸ ਲੱਗਦੀ, ਅੰਗਰੇਜ਼ੀ ਸਬਜੈਕਟ ਦੀ। ਮੈਂ ਪਿੰਡੋਂ 4.30 ਵਜੇ ਸਵੇਰੇ ਉੱਠ ਕੇ ਨਹਾ ਕੇ ਪਾਠ ਕਰਕੇ ਫੇਰ ਦੋ ਪਰੌਂਠੇ ਖਾ ਕੇ ਤੇ ਦੋ ਨਾਲ਼ ਬੰਨ੍ਹ ਕੇ ਸਾਈਕਲ 'ਤੇ ਸਵਾ ਛੇ ਵਜੇ ਵਾਲੀ ਗੱਡੀ ਛਾਜਲੀ ਤੋਂ ਫੜ ਕੇ ਸੂਰਜ ਚੜ੍ਹਨ ਤੋਂ ਪਹਿਲਾਂ ਮਾਸਟਰ ਜੀ ਦੇ ਘਰ ਪੁੱਜ ਜਾਂਦਾ। ਉਹਨਾਂ ਦੀ ਲੜਕੀ, ਮੇਰੀ ਮਾਸੀ ਦੀ ਲੜਕੀ ਹਰਬੰਸ ਅਤੇ ਉਸ ਦੀ ਸਹੇਲੀ ਸੁਰਿੰਦਰ ਸਮੇਤ ਅਸੀਂ ਸੱਤ-ਅੱਠ ਬੱਚੇ ਹੀ ਸੀ। ਉਹ ਦੋਵੇਂ ਸ਼ੇਰੋਂ ਤੋਂ ਪਹਿਲੀ ਬੱਸ ਫੜ ਕੇ ਆਉਂਦੀਆਂ। ਇਹ ਸਪੈਸ਼ਲ ਕਲਾਸ ਮਾਸਟਰ ਜੀ ਦੀ ਲੜਕੀ ਕਰਕੇ ਚਲਾਈ ਗਈ ਸੀ। ਧਾਨਾਂ ਦੇ ਬਹਾਨੇ ਡੀਲੇ ਨੂੰ ਪਾਣੀ ਲੱਗ ਗਿਆ। 'ਜਿੱਥੇ ਚਾਹ ਉਥੇ ਰਾਹ' ਵਾਲੀ ਕਹਾਵਤ ਸੱਚੀ ਐ। ਬੰਦੇ ਦੇ ਅੰਦਰ ਕੁੱਝ ਕਰਨ ਦੀ ਹਿੰਮਤ ਇਰਾਦਾ ਹੋਵੇ ਹਾਲਾਤ ਖ਼ੁਦ ਸਾਜ਼ਗਾਰ ਬਣ ਜਾਂਦੇ ਨੇ। ਕਿਸੇ ਉਰਦੂ ਸ਼ਾਇਰ ਨੇ ਲਿਖਿਆ ਹੈ:

ਖ਼ੁਦ ਕੋ ਕਰ ਬੁਲੰਦ ਇਤਨਾ,
ਖ਼ੁਦਾ ਬੰਦੇ ਸੇ ਖ਼ੁਦ ਪੂਛੇ,
ਤੇਰੀ ਰਜ਼ਾ ਕਿਆ ਹੈ!!
ਮੇਰੇ ਨਾਲ਼ ਵੀ ਕਿਸਮਤ ਨੇ ਇੰਝ ਹੀ ਲੁਕਣ-ਮੀਟੀਆਂ ਖੇਡੀਆਂ। ◆◆◆

## ਅੰਕ-10

# ਪਲੇਠੀ ਨੌਕਰੀ ਅਤੇ ਪੜ੍ਹਾਈ

ਰੱਬ ਇੱਕ ਹੱਥ ਖੋਹ ਕੇ ਦੂਜੇ ਦਿੰਦਾ, ਆਪਣੀ ਕਸਰ ਨਾ ਕੋਈ ਛੱਡਦਾ ਹੂ।
ਆਝੇ ਬੰਦੇ ਤਾਈਂ ਸੇਵਾ ਅਤੇ ਪੜ੍ਹਾਈ, ਖੁਸ਼ ਹੋ ਸਭ ਭਾਗਾਂ-ਤੋਟਾਂ ਕੱਢਦਾ ਹੂ।

ਖੁਸ਼ ਹੋ ਸਭ ਭਾਂਗਾ ਤੋਟਾ ਕੱਢਦਾ ਹੂ।ਬੀ.ਏ. ਭਾਗ ਪਹਿਲਾ 'ਚ ਪੜ੍ਹਦੇ ਹੀ ਮੈਨੂੰ ਲੈਂਡ ਮਾਰਗੇਜ ਬੈਂਕ ਸੁਨਾਮ ਵਿੱਚ ਕਲਰਕ ਦੀ ਨੌਕਰੀ ਮਿਲ ਗਈ। ਮੈਂ ਦੋ ਸਾਲ 'ਚ ਨੌਕਰੀ ਦੌਰਾਨ (ਵਾਇਆ ਬਠਿੰਡਾ) ਬੀ.ਏ. ਕੀਤੀ। ਜਿਵੇਂ ਕਿ ਮੈਂ ਗਿਆਨੀ ਪਾਸ ਕੀਤੀ ਹੋਈ ਸੀ, ਬੀ.ਏ. ਕਰਨ ਸਾਰ ਹੀ ਪੰਜਾਬੀ ਦੀ ਐਮ.ਏ. ਪ੍ਰਾਈਵੇਟ ਕਰਨ ਲਈ ਫ਼ੀਸ ਭਰ ਦਿੱਤੀ। ਭਾਗ ਪਹਿਲਾ ਵਿਚੋਂ ਕਿਸੇ ਟਿਊਸ਼ਨ ਤੋਂ ਜਾਂ ਗਾਈਡੈਂਸ ਬਗੈਰ ਹੀ ਮੇਰੇ 47% ਨੰਬਰ ਆ ਗਏ।

ਅਜੇ ਮੈਂ ਦੂਜੇ ਸਾਲ ਦੀ ਫੀਸ ਭਰਨੀ ਸੀ ਕਿ ਮੇਰੇ ਨਾਲੋਂ ਤਿੰਨ-ਚਾਰ ਸਾਲ ਪਹਿਲਾਂ ਬੀ.ਏ. ਕਰ ਚੁੱਕੇ ਮੇਰੇ ਮਿੱਤਰ ਦਲਜੀਤ ਜੋਸ਼ੀ, ਜੋ ਐਫ਼.ਸੀ.ਆਈ. ਵਿੱਚ ਲੱਗੇ ਹੋਏ ਸੀ, ਉਹ ਕਹਿਣ ਲੱਗੇ ਬਾਈ ਜੀ ਐਮ.ਏ. ਪੰਜਾਬੀ ਦੀ ਕੋਈ ਵੁਕਤ ਨਹੀਂ, ਆਪਾਂ ਦੋਵੇਂ ਭਰਾ ਹਿਮਾਚਲ ਯੂਨੀਵਰਸਿਟੀ ਤੋਂ ਪੱਤਰ ਵਿਹਾਰ ਰਾਹੀਂ ਐਮ.ਏ. ਇੰਗਲਿਸ਼ ਕਰਦੇ ਆਂ। ਮੈਨੂੰ ਉਸ ਦੀ ਗੱਲ 'ਚ ਕੁੱਝ ਵਜ਼ਨ ਲੱਗਿਆ ਕਿਉਂਕਿ ਮੈਂ ਬੀ.ਏ. ਅੰਗਰੇਜ਼ੀ ਲਿਟਰੇਚਰ ਨਾਲ਼ ਕੀਤੀ ਸੀ। ਚਲੋ ਜੀ ਅਸੀਂ ਦੋਵੇਂ ਜਣੇ ਸ਼ਿਮਲੇ ਜਾ ਕੇ ਪੱਤਰ ਵਿਹਾਰ ਰਾਹੀਂ ਐਮ.ਏ. ਇੰਗਲਿਸ਼ 'ਚ ਦਾਖ਼ਲਾ ਭਰ ਆਏ ਤੇ ਉਹਨਾਂ ਦੇ ਵੱਲੋਂ ਸਾਨੂੰ ਥੱਬਿਆਂ ਦੇ ਥੱਬੇ ਛਪੇ ਛਪਾਏ ਨੋਟਿਸ ਆਉਣ ਲੱਗ ਪਏ। ਅਜੇ ਪਹਿਲਾ ਸਮੈਸਟਰ ਪਾਸ ਕੀਤਾ ਸੀ ਕਿ ਇਕ ਹੋਰ ਨੇ ਸਲਾਹ ਦਿੱਤੀ ਕਿ ਪ੍ਰਾਈਵੇਟ ਅੰਗਰੇਜ਼ੀ ਦੀ ਐਮ.ਏ. ਕਰਕੇ ਕੋਈ ਫ਼ਾਇਦਾ ਨਹੀਂ ਹੋਣਾ। ਪ੍ਰਾਈਵੇਟ ਵਿਦਿਆਰਥੀਆਂ ਦੀ ਥਰਡ ਡਵੀਜ਼ਨ ਆਉਂਦੀ ਐ। ਉਸ ਨਾਲ ਇੰਗਲਿਸ਼ ਦਾ ਲੈਕਚਰਾਰ ਨਹੀਂ ਲੱਗ ਸਕਦਾ।

ਇਕ ਹੋਰ ਹਮਦਰਦ ਸੱਜਣ ਹਰਨੇਕ ਸਿੰਘ ਗਿੱਲ ਨੇ ਸਲਾਹ ਦਿੱਤੀ ਜੋ ਪਹਿਲਾਂ ਗ੍ਰਾਮ ਸੇਵਕ ਸੀ, ਫੇਰ ਨੌਕਰੀ ਦੌਰਾਨ ਬੀ.ਐਸ.ਸੀ. ਖੇਤੀਬਾੜੀ ਕਰਕੇ ਨਾਲ ਹੀ (ਖੇਤੀਬਾੜੀ) ਅਫ਼ਸਰ ਬਣ ਗਿਆ ਸੀ। ਨਾਲੇ ਪਟਿਆਲੇ ਸ਼ਾਮ ਦੀ ਸ਼ਿਫਟ 'ਚ ਐਲ.ਐਲ.ਬੀ. 'ਚ ਦਾਖ਼ਲਾ ਲੈ ਲਿਆ। ਉਸ ਨੇ ਮੈਨੂੰ ਪਟਿਆਲੇ ਐਲ.ਐਲ.ਬੀ. 'ਚ ਦਾਖ਼ਲਾ ਲੈਣ ਦੀ ਪ੍ਰੇਰਨਾ ਦਿੱਤੀ ਕਿਉਂਕਿ ਮੈਂ ਵਾਇਆ ਬਠਿੰਡਾ ਦੋ ਸਾਲ 'ਚ ਚਾਰ ਜਮਾਤਾਂ ਪਾਸ ਕੀਤੀਆਂ ਸਨ, ਉਹ ਵੀ ਨੌਕਰੀ ਦੌਰਾਨ ਬਿਨਾਂ ਟਿਊਸ਼ਨ ਜਾਂ ਕੋਚਿੰਗ, ਅੰਗ੍ਰੇਜ਼ੀ ਲਿਟਰੇਚਰ ਨਾਲ ਮੇਰੀ ਬੀ.ਏ. 'ਚੋਂ ਥਰਡ ਡਵੀਜ਼ਨ ਸੀ। ਮੈਨੂੰ ਦਾਖ਼ਲਾ ਨਹੀਂ ਮਿਲ ਸਕਦਾ ਸੀ। ਐਲ.ਐਲ.ਬੀ. 'ਚ ਦਾਖਲੇ ਲਈ 45% ਘਟੋ-ਘੱਟ ਨੰਬਰ ਚਾਹੀਦੇ ਸਨ, ਪਰੰਤੂ ਮੇਰੇ ਤੇ ਸਿਰਫ 43% ਫੀਸਦੀ ਸਨ।

**ਐਲ.ਐਲ.ਬੀ. ਦਾ ਦਾਖ਼ਲਾ (1974):**

ਜਿੱਥੇ ਚਾਹ ਉਥੇ ਰਾਹ, ਦੀ ਕਹਾਵਤ ਅਨੁਸਾਰ ਫੇਰ ਅਕਾਲ ਪੁਰਖ਼ ਦੀ ਕਿਰਪਾ ਨਾਲ਼ ਇਕ ਜੁਗਾੜ ਲੜ੍ਹਾਇਆ। ਮੇਰੇ ਅੰਕਲ ਡਾ. ਗੁਰਬਖ਼ਸ਼ ਸਿੰਘ ਦੀ ਗਿਆਨੀ ਜ਼ੈਲ ਸਿੰਘ, ਭਾਰਤ ਦੇ ਰਾਸ਼ਟਰਪਤੀ ਦੇ ਭਾਣਜੇ, ਡਾ. ਮਨਮੋਹਨ ਸਿੰਘ ਜੌਲੀ ਨਾਲ ਚੰਗੀ ਲਿਹਾਜ਼ ਸੀ। ਉਹਨਾਂ ਨੇ ਡਾਕਟਰ ਜੌਲੀ ਨੂੰ ਮੇਰੀ ਸਾਰੀ ਕਹਾਣੀ ਦੱਸੀ। ਉਸ ਨੇ ਝੱਟ ਕਿਹਾ ਬੀਬੀ ਇੰਦਰਜੀਤ ਸੰਧੂ ਨੂੰ ਮਾਮਾ ਜੀ ਨੇ ਵਾਈਸ ਚਾਂਸਲਰ ਲਾਇਆ ਸੀ, ਆਪਾਂ ਉਸ ਨੂੰ ਹੁਣੇ ਗੱਲ ਕਰਦੇ ਆਂ। ਡਾਕਟਰ ਸਾਹਿਬ ਨੇ ਮੈਨੂੰ ਮੇਰੀ ਲੱਤ 'ਤੇ ਸੱਟ ਲੱਗਣ ਕਾਰਨ, ਸਰੀਰਕ ਤੌਰ 'ਤੇ ਅੰਗਹੀਣ ਦਾ ਸਰਟੀਫਿਕੇਟ

ਬਣਾਉਣ ਲਈ ਕਿਹਾ। ਉਸ ਤੋਂ ਪਹਿਲਾਂ ਦਾਖਲਿਆਂ 'ਚ ਅੰਗਹੀਣ ਵਿਦਿਆਰਥੀਆਂ ਲਈ ਕੋਈ ਰਿਜ਼ਰਵੇਸ਼ਨ ਨਹੀਂ ਸੀ। ਡਾ. ਮਨਮੋਹਨ ਸਿੰਘ ਨੇ ਮੇਰੀ ਅਰਜ਼ੀ ਲੈ ਕੇ ਵਾਈਸ ਚਾਂਸਲਰ ਇੰਦਰਜੀਤ ਕੌਰ ਸੰਧੂ ਨੂੰ ਭੇਜੀ। ਉਸ ਨੇ ਅੱਗੇ ਤੋਂ ਅੰਗਹੀਣ ਵਿਦਿਆਰਥੀਆਂ ਲਈ 3% ਸੀਟਾਂ ਸਾਰੇ ਕੋਰਸਾਂ 'ਚ ਰਿਜ਼ਰਵ ਕਰਾ ਦਿੱਤੀਆਂ। ਐੱਲ.ਐੱਲ.ਬੀ. 'ਚ ਸ਼ਾਮ ਦੀ ਸ਼ਿਫਟ 'ਚ ਮੇਰਾ ਦਾਖ਼ਲ ਹੋਇਆ।

ਦੋ ਸਾਲ ਮੈਂ ਸੁਨਾਮ ਤੋਂ ਬੈਂਕ 'ਚੋਂ ਪੰਜ ਵਜੇ ਛੁੱਟੀ ਕਰਕੇ ਬੱਸ ਰਾਹੀਂ ਪਟਿਆਲੇ ਆਉਂਦਾ। ਸ਼ਨੀਵਾਰ ਦੀ ਕਲਾਸ ਤੋਂ ਗੈਰਹਾਜ਼ਰ ਹੋ ਕੇ ਪਿੰਡ ਜਾਂਦਾ, ਸੋਮਵਾਰ ਨੂੰ ਫੇਰ ਸੁਨਾਮ, ਸੁਨਾਮ ਤੋਂ ਪਟਿਆਲੇ ਕੋਹਲੂ ਦੇ ਬੈਲ ਵਾਂਗ ਚੱਕਰ 'ਚ ਰਹਿੰਦਾ। ਅਗਲੇ ਸਾਲ ਜਦੋਂ ਅਸੀਂ ਪੜ੍ਹ ਰਹੇ ਸੀ ਉਸ ਵੇਲੇ 1975 ਤੋਂ 1977 ਤੱਕ ਦੇਸ਼ ਵਿੱਚ ਐਮਰਜੈਂਸੀ ਲੱਗੀ ਹੋਈ ਸੀ। ਕਾਲਜਾਂ ਦੀਆਂ ਸਟੂਡੈਂਟਸ ਯੂਨੀਅਨਾਂ ਦੀਆਂ ਚੋਣਾਂ ਮੁਲਤਵੀ ਕੀਤੀਆਂ ਹੋਈਆਂ ਸਨ। ਜਨਤਾ ਸਰਕਾਰ ਬਣੀ ਕਾਲਜਾਂ ਵਿੱਚ ਵਿਦਿਆਰਥੀ ਯੂਨੀਅਨ ਦੀਆਂ ਚੋਣਾਂ ਦਾ ਸਿਲਸਿਲਾ ਸ਼ੁਰੂ ਹੋਇਆ। ਮੇਰੇ ਨਾਲ ਪਟਿਆਲੇ ਦੇ ਕਈ ਕਾਲਜਾਂ ਦੇ ਪ੍ਰੋਫ਼ੈਸਰ ਸ਼ਾਮ ਦੀ ਸ਼ਿਫ਼ਟ 'ਚ ਜਮਾਤੀ ਸਨ। ਉਹ ਪੇਂਡੂ ਪਿਛੋਕੜ ਦੇ ਸਨ। ਕੁਝ ਮੁੰਡੇ ਬੈਂਕ 'ਚ ਸਨ, ਕੁਝ ਹੋਰ ਮੇਰੇ ਮਿੱਤਰ ਸਨ। ਪਰ ਮੈਂ ਦੇਸੀ ਪੇਂਡੂ ਮੁੰਡਾ ਸੀ। ਪਬਲਿਕ ਸਕੂਲ ਜਾਂ ਕਾਨਵੈਂਟ ਸਕੂਲਾਂ ਵਾਲੇ ਤੇ ਵੱਡੇ ਘਰਾਂ ਦੇ 'ਕਾਕੇ' ਜੋ ਸਾਡੇ ਨਾਲ ਪੜ੍ਹਦੇ ਸਨ, ਉਹਨਾਂ ਨੂੰ ਕਾਲਜ 'ਚ ਵੀ 'ਕਾਕਿਆਂ' ਦੇ ਤਖ਼ੱਲਸ ਨਾਲ ਸੱਦਿਆ ਜਾਂਦਾ ਸੀ। ਇੱਕ ਪਾਸੇ ਉਹ ਗਰੁੱਪ ਸੀ, ਦੂਜੇ ਪਾਸੇ ਅਸੀਂ ਪੇਂਡੂ ਜਿਹਨਾਂ ਨੂੰ ਕਾਮਰੇਡ ਵੀ ਆਖਦੇ ਸੀ ਪਰ ਮੈਨੂੰ ਕਿਸੇ ਕਾਮਰੇਡੀ ਦਾ ਭਾਹ ਜਾਂ ਬੁਖ਼ਾਰ ਨਹੀਂ ਸੀ।

◆◆◆

## ਅੰਕ 11

# ਵਿਦਿਆਰਥੀ ਜੀਵਨ ਘੋਲ

ਵਿਦਿਆ ਕੱਲਾ ਗਿਆਨ ਨਹੀਂ ਦਿੰਦੀ, ਸਗੋਂ ਜਿਉਣ ਦੀ ਜਾਂਚ ਸਿਖਾਉਂਦੀ ਹੂ।
ਕੁਦਰਤ ਓਝੜ ਜਾਂਦੇ ਰਾਹੀਂ ਤਾਈਂ, ਮੋੜੇ-ਸਿੱਧੇ ਮਾਰਗ ਉੱਤੇ ਲਿਆਉਂਦੀ ਹੂ।

1975 ਵਿਚ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਭਾਰਤ ਦੀ ਪ੍ਰਧਾਨ ਮੰਤਰੀ ਦੀ ਚੋਣ ਬਤੌਰ ਮੈਂਬਰ ਲੋਕ ਸਭਾ, ਅਲਾਹਾਬਾਦ ਹਾਈਕੋਰਟ ਵਲੋਂ ਰੱਦ ਕਰਾਰ ਦਿੱਤੀ ਗਈ ਸੀ ਤਾਂ ਵਿਰੋਧੀ ਪਾਰਟੀਆਂ ਦੇ ਸਮੂਹ ਗਰੁੱਪ ਇਕੱਠੇ ਹੋ ਕੇ ਵਾਅਵਰੋਲਾ ਪਾਉਣ ਲੱਗੇ। ਸ੍ਰੀਮਤੀ ਇੰਦਰਾ ਗਾਂਧੀ ਤੋਂ ਨੈਤਿਕਤਾ ਦੇ ਆਧਾਰ 'ਤੇ ਪ੍ਰਧਾਨ ਮੰਤਰੀ ਦੇ ਪਦ ਤੋਂ ਅਸਤੀਫਾ ਮੰਗਣ ਲੱਗੇ। ਉਹਨਾਂ ਨੇ ਇਸ ਸਾਰੇ ਝਮੇਲੇ ਤੋਂ ਘਬਰਾ ਕੇ ਸਮੁੱਚੇ ਦੇਸ਼ ਵਿਚ ਰਾਸ਼ਟਰਪਤੀ ਰਾਹੀਂ ਅੰਦਰੂਨੀ ਐਮਰਜੈਂਸੀ ਐਲਾਨ ਕਰ ਦਿੱਤੀ। ਇਸ ਦੇ ਹੋਰ ਬਹੁਪੱਖੀ ਸਿੱਟੇ ਨਿਕਲੇ। ਜਲਸੇ ਜਲੂਸ, ਧਰਨੇ, ਮੁਜ਼ਾਹਰੇ ਆਦਿ ਬੰਦ ਹੋ ਗਏ। ਬਹੁਤ ਸਾਰੇ ਵਿਰੋਧੀ ਧਿਰਾਂ ਦੇ ਲੀਡਰ ਜੇਲ੍ਹਾਂ ਵਿਚ ਡੱਕ ਦਿੱਤੇ। ਅਜ਼ਾਦੀ ਦੇ ਅਧਿਕਾਰਾਂ ਅਤੇ ਪ੍ਰੈਸ ਦੀ ਅਜ਼ਾਦੀ 'ਤੇ ਵੀ ਪਾਬੰਦੀ ਲੱਗ ਗਈ। ਇਸ ਦਾ ਇੱਕ ਇਹ ਨਤੀਜਾ ਹੋਇਆ ਕਿ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੀਆਂ ਯੂਨੀਅਨਾਂ ਦੀਆਂ ਜੋ ਚੋਣਾਂ ਹੁੰਦੀਆਂ ਸਨ, ਉਹ ਵੀ ਬੰਦ ਹੋ ਗਈਆਂ।

ਅਸੀਂ ਐਲ.ਐਲ.ਬੀ. ਦੀਆਂ ਕਲਾਸਾਂ ਵਿਚ ਪਟਿਆਲੇ ਪੜ੍ਹਦੇ ਹੁੰਦੇ ਸੀ। ਉਹਨਾਂ ਦਿਨਾਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਲਾਅ ਵਿਭਾਗ ਦਾ ਕੈਂਪਸ ਯੂਨੀਵਰਸਿਟੀ 'ਚ ਹੋਣ ਦੀ ਬਜਾਏ ਭੁਪਿੰਦਰਾ ਰੋਡ 'ਤੇ ਕੋਠੀ ਨੰ: 8-ਏ ਵਿਚ ਸੀ ਜੋ ਕਿਸੇ ਵੇਲੇ ਪੀ.ਡਬਲਿਊ.ਡੀ. ਦੇ ਚੀਫ ਇੰਜੀਨੀਅਰ ਦੀ ਕੋਠੀ ਹੁੰਦੀ ਸੀ। ਲਾਅ ਦੀਆਂ ਦੋ ਸ਼ਿਫਟਾਂ ਚਲਦੀਆਂ ਸਨ। ਇਕ ਸ਼ਿਫਟ 3 ਵਜੇ ਤੋਂ ਲੈ ਕੇ 6 ਵਜੇ ਤੱਕ, ਦੂਸਰੀ 6 ਵਜੇ ਤੋਂ ਲੈ ਕੇ 9 ਵਜੇ ਤੱਕ। ਪਹਿਲੀ ਸ਼ਿਫ਼ਟ ਵਿਚ ਸਿਰਫ ਨਿਰੋਲ ਰੈਗੂਲਰ ਵਿਦਿਆਰਥੀ ਹੀ ਹੁੰਦੇ ਸਨ। ਭਾਵੇਂ ਉਹਨਾਂ ਨੂੰ ਦਾਖ਼ਲਾ ਲੈਣ ਲਈ ਵਕੀਲ ਦੇ ਮੁਨਸ਼ੀ ਦਾ ਤਜਰਬਾ ਸਰਟੀਫਿਕੇਟ ਲਾਏ ਬਗੈਰ ਦਾਖ਼ਲਾ ਨਹੀਂ ਮਿਲਦਾ ਸੀ। ਦੂਸਰੀ 6 ਵਜੇ ਤੋਂ 9 ਵਜੇ ਤਕ ਸ਼ਾਮ ਦੀ ਸ਼ਿਫ਼ਟ ਵਿਚ ਮੁਲਾਜ਼ਮ ਹੁੰਦੇ ਸਨ। ਜ਼ਿਆਦਾਤਰ ਬੈਂਕਾਂ ਦੇ ਮੁਲਾਜ਼ਮ, ਇਨਕਮ ਟੈਕਸ ਵਿਭਾਗ ਦੇ ਅਫਸਰ, ਯੂਨੀਵਰਸਿਟੀ ਦੇ ਅਫਸਰ ਅਤੇ ਹੋਰ ਕਾਲਜ ਦੇ ਪ੍ਰੋਫੈਸਰ ਪੜ੍ਹਦੇ ਸਨ।

ਮੈਂ ਪਹਿਲੇ ਸਾਲ ਲੈਂਡ ਮਾਰਗੇਜ ਬੈਂਕ ਵਿਚ ਨੌਕਰੀ ਕਰਦਾ ਹੋਣ ਕਰਕੇ ਸੁਨਾਮ ਤੋਂ ਹਰ ਰੋਜ਼ ਆਉਂਦਾ ਸੀ। ਭਾਵੇਂ ਸਫਰ ਲੰਮਾ ਸੀ ਪਰ ਕੋਈ ਖ਼ਾਸ ਪਰੇਸ਼ਾਨੀ ਨਹੀਂ ਹੁੰਦੀ ਸੀ। ਨੌਜਵਾਨ ਉਮਰ ਵਿਚ ਸਫਰ ਆਪਣੇ ਆਪ ਵਿਚ ਹੀ ਇਕ ਅਨੰਦਮਈ ਤਜਰਬਾ ਹੁੰਦੀ ਹੈ। ਤਕਰੀਬਨ ਸਾਰੇ ਕੁੱਲ ਮਿਲਾ ਕੇ ਦੋਵੇਂ ਸ਼ਿਫਟਾਂ ਵਿਚ ਲਗਭਗ 600 ਵਿਦਿਆਰਥੀ ਸਨ। ਮੇਰੇ ਹਾਣੀ ਦੋਸਤ ਤੇ ਮੈਨੂੰ ਜਾਣਨ ਵਾਲੇ ਵੱਧ ਮੁੰਡੇ ਪਹਿਲੀ ਸ਼ਿਫਟ ਵਿਚ ਹੁੰਦੇ ਸਨ।

ਅਗਲੇ ਸਾਲ ਐਲ.ਐਲ.ਬੀ. (ਦੂਜਾ ਪਾਰਟ) ਵੇਲੇ ਮੈਨੂੰ ਪੀ.ਏ.ਡੀ.ਬੀ. ਬੈਂਕ ਵਿਚੋਂ ਸਟਾਫ ਸਰਪਲਸ ਐਲਾਨ ਕਰਨ ਨਾਲ ਬੈਂਕ ਦੀ ਨੌਕਰੀ ਤੋਂ ਵਿਹਲਾ ਕਰ ਦਿੱਤਾ ਗਿਆ, ਇਸ ਲਈ ਮੈਂ ਪਹਿਲੀ ਸ਼ਿਫਟ ਵਿਚ ਹੀ ਦਾਖ਼ਲਾ ਲੈ ਲਿਆ। ਇਸ ਲਈ ਮੇਰੀ ਜਾਣ ਪਛਾਣ ਦੋਵਾਂ ਸ਼ਿਫਟਾਂ ਦੇ ਵਿਦਿਆਰਥੀਆਂ, ਮੁਲਾਜ਼ਮਾਂ ਅਤੇ ਅਫ਼ਸਰਾਂ ਨਾਲ ਹੋ ਗਈ।

ਤੀਸਰੇ ਸਾਲ ਫੇਰ ਮੈਂ ਦਾਖ਼ਲਾ ਦੂਸਰੀ ਸ਼ਿਫਟ ਵਿਚ ਲੈ ਲਿਆ ਕਿਉਂਕਿ ਮੈਨੂੰ ਬੈਂਕ ਆਫ ਪਟਿਆਲਾ ਵਿਚ ਭਵਾਨੀਗੜ੍ਹ ਕੱਚੀ ਨੌਕਰੀ ਸ੍ਰ. ਚਿਤਵੰਤ ਸਿੰਘ ਕੌਹਰੀਆਂ, ਜੋ ਉਹਨਾਂ ਦਿਨਾਂ ਵਿਚ ਪਟਿਆਲੇ ਐਸ.ਪੀ. ਵਿਜੀਲੈਂਸ ਲੱਗੇ ਹੋਏ ਸਨ, ਉਹਨਾਂ ਦੇ ਕਹਿਣ 'ਤੇ ਮਿਲ ਗਈ। ਭਾਵੇਂ ਉਹ ਨੌਕਰੀ ਮੈਂ ਕੁਝ ਦਿਨ ਹੀ ਕਰ ਸਕਿਆ ਕਿਉਂਕਿ ਉਸ

ਥਾਂ 'ਤੇ ਕੰਮ ਬਹੁਤ ਜ਼ਿਆਦਾ ਸੀ, ਮੈਨੇਜਰ ਕਾਫੀ ਸਖਤ ਅਤੇ ਰੁੱਖਾ ਸੀ। ਉਹ ਪੰਜ-ਸੱਤ ਮਿੰਟ ਚਾਹ ਪੀਣ ਵੀ ਬੈਂਕ ਤੋਂ ਬਾਹਰ ਨਹੀਂ ਜਾਣ ਦਿੰਦਾ ਸੀ। ਇਕ ਦਿਨ ਮੇਰੇ ਰਿਸ਼ਤੇਦਾਰ ਮੈਨੂੰ ਬੈਂਕ ਵਿਚ ਮਿਲਣ ਆ ਗਏ। ਮੈਂ ਉਸ ਨੂੰ ਕਹਿ ਕੇ ਚਾਹ ਪੀਣ ਚਲਾ ਗਿਆ ਤੇ ਮੈਂ ਕੁਝ ਲੇਟ ਹੋ ਗਿਆ। ਉਥੋਂ ਵਿਹਲਾ ਹੋ ਕੇ ਆ ਗਿਆ। ਅਗਲੇ ਦਿਨ ਜਦੋਂ ਸਰਦਾਰ ਚਿਤਵੰਤ ਸਿੰਘ ਨੂੰ ਪਤਾ ਲੱਗਿਆ ਉਹ ਨਾਲੇ ਮੇਰੇ ਨਾਲ ਖਫਾ ਹੋਏ ਤੇ ਨਾਲੇ ਬੈਂਕ ਮੈਨੇਜਰ ਨੂੰ ਫੋਨ ਕਰਕੇ ਕਿਹਾ ਕਿ ਮੁੰਡਾ ਤੁਸੀਂ ਹਫਤੇ 'ਚ ਹੀ ਤੰਗ ਕਰਕੇ ਭਜਾ ਦਿੱਤਾ। ਮੈਨੇਜਰ ਨੇ ਮੈਨੂੰ ਫੇਰ ਸੁਨੇਹਾ ਭੇਜ ਕੇ ਬੁਲਾਇਆ ਤੇ ਆਪਣੇ ਕੋਲ ਬਿਠਾ ਕੇ ਸਮਝਾਇਆ ਕਿ ਨੌਕਰੀ ਬੜੀ ਮੁਸ਼ਕਲ ਮਿਲਦੀ ਹੈ। ਨਾਲੇ ਬੈਂਕ ਦੀ ਨੌਕਰੀ ਤਾਂ ਬਹੁਤ ਚੰਗੀ ਹੁੰਦੀ ਹੈ। ਤੁਸੀਂ ਕੰਮ ਸਿੱਖ ਲਓ ਤੇ ਦਿਲ ਲਾ ਕੇ ਕੰਮ ਕਰੋ। ਤਰੱਕੀ ਦੇ ਬੜੇ ਮੌਕੇ ਮਿਲਣਗੇ ਪਰ ਮੈਂ ਉਸ ਦੀ ਗੱਲ ਨਾ ਮੰਨੀ ਤੇ ਵਾਪਿਸ ਆ ਗਿਆ। ਸ੍ਰ. ਚਿਤਵੰਤ ਸਿੰਘ ਨੇ ਮੇਰਾ ਬੋਰੀ ਬਿਸਤਰਾ ਯੂਨੀਵਰਸਿਟੀ ਦੇ ਹੋਸਟਲ 'ਚੋਂ ਮੰਗਵਾ ਕੇ ਆਪਣੀ ਕੋਠੀ ਵਿਚ ਹੀ ਰਹਿਣ ਲਈ ਮੈਨੂੰ ਇਕ ਕਮਰਾ ਦੇ ਦਿੱਤਾ, ਜਿਸ ਦਾ ਦਰਵਾਜ਼ਾ ਗਲੀ ਵਿਚ ਖੁੱਲ੍ਹਦਾ ਸੀ ਜਿੱਥੇ ਕਿਸੇ ਦੀ ਕੋਈ ਦਖਲਅੰਦਾਜ਼ੀ ਨਹੀਂ ਸੀ।

**ਸ਼ਖ਼ਸੀਅਤ ਦਾ ਉਭਾਰ ਭਾਗ-1 (1977):**

ਸਟੂਡੈਂਟਸ ਯੂਨੀਅਨ ਦੀ ਚੋਣ ਲੜਨ ਲਈ ਮੈਨੂੰ ਮੇਰੇ ਮਿੱਤਰ ਮਰਹੂਮ ਪ੍ਰੋ. ਨਛੱਤਰ ਸਿੰਘ ਗਿੱਲ ਅਤੇ ਪ੍ਰੋ. ਬਲਬੀਰ ਸਿੰਘ ਖਾਲਸਾ ਕਾਲਜ ਵਾਲਿਆਂ ਨੇ ਪ੍ਰੇਰਿਆ। ਪ੍ਰੋ. ਗਿੱਲ ਫ਼ਿਜ਼ਿਕਸ ਦੀ ਐਮ.ਐੱਸ.ਸੀ. ਗੋਲਡ ਮੈਡਲਿਸਟ ਸੀ, ਪਰ ਪੀਣ-ਖਾਣ ਦੀ ਆਦਤ ਕਰਕੇ ਜੋਬਨ ਰੁੱਤੇ ਹੀ ਚੜ੍ਹਾਈ ਕਰ ਗਿਆ। ਉਸ ਨੂੰ ਯਾਦ ਕਰਕੇ ਮੈਨੂੰ ਅੱਜ ਵੀ ਰੋਣਾ ਆ ਜਾਂਦਾ ਹੈ। ਮੈਂ ਸੀ.ਆਰ. ਦੀ ਚੋਣ ਜਿੱਤ ਗਿਆ। ਫੇਰ ਦੋਵਾਂ ਸ਼ਿਫ਼ਟਾਂ ਦੇ ਕੁੱਲ ਮਿਲਾ ਕੇ ਬਾਰਾਂ ਕਲਾਸ ਨੁਮਾਇੰਦੇ ਬਣੇ। ਉਨ੍ਹਾਂ 'ਚੋਂ ਇਕ ਪ੍ਰਧਾਨ ਚੁਣਨਾ ਸੀ। ਪਹਿਲੀ ਸ਼ਿਫ਼ਟ ਵਿੱਚ ਮੇਰੇ ਮਿੱਤਰ ਪਿਆਰੇ ਮਨਜੀਤ ਮਾਂਗਟ, ਬਲਦੇਵ ਚੱਠਾ, ਰਣਬੀਰ ਉਰਫ ਗੁੱਡੂ ਮਾਂਗਟ, ਦੁਰਾਹੇ ਵਾਲਾ ਤੇ ਰਿਮਪੀ ਕਾਹਲੋਂ ਪੜ੍ਹਦੇ ਸੀ, ਜੋ ਆਪਣੀਆਂ ਕਲਾਸਾਂ ਦੇ ਸੀ.ਆਰ. ਲਈ ਖੜੇ ਸਨ। ਉਹਨਾਂ ਨੇ ਮੈਨੂੰ ਸਰਬਸੰਮਤੀ ਨਾਲ ਕਾਲਜ (ਭਾਵ ਕਾਨੂੰਨ ਵਿਭਾਗ) ਦਾ ਪ੍ਰਧਾਨ ਬਣਨ ਲਈ ਪ੍ਰੇਰਿਤ ਕੀਤਾ। ਮੇਰੀ ਸ਼ਖ਼ਸੀਅਤ ਦੇ ਉਭਾਰ ਦਾ ਇਹ ਪਹਿਲਾ ਪੜਾਅ ਸੀ।

1977 ਵਿਚ ਐਮਰਜੈਂਸੀ ਖਤਮ ਹੋ ਚੁੱਕੀ ਸੀ। ਤਾਨਾਸ਼ਾਹੀ ਦਾ ਪਤਝੜ ਦਾ ਮੌਸਮ ਜਾਣ ਉਪਰੰਤ ਲੋਕਰਾਜੀ ਨਿਜ਼ਾਮ ਬਾਗਾਂ 'ਚ ਬਹਾਰਾਂ ਵਾਂਗ ਫੇਰ ਪਸਰ ਰਿਹਾ ਸੀ। ਕਾਲਜ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੀਆਂ ਯੂਨੀਅਨ ਦੀਆਂ ਚੋਣਾਂ ਇਸ ਸਾਲ ਹੋਣੀਆਂ ਸਨ।

ਮੇਰੇ ਕੁਝ ਦੋਸਤ ਜਿਹਨਾਂ ਵਿਚ ਜ਼ਿਆਦਾ ਕਾਲਜ ਦੇ ਪ੍ਰੋਫੈਸਰ ਸਨ ਮੈਨੂੰ ਕਲਾਸ ਦੇ ਨੁਮਾਇੰਦੇ ਵਜੋਂ ਖੜਾ ਹੋਣ ਲਈ ਪ੍ਰੇਰਨ ਲੱਗੇ। ਮੈਂ ਉਹਨਾਂ ਦੀ ਗੱਲ ਮੰਨ ਕੇ ਅੰਦਰੋ-ਅੰਦਰੀ ਯਤਨਸ਼ੀਲ ਹੋ ਗਿਆ ਤੇ ਮੇਰੀ ਕਲਾਸ ਦੇ ਸਾਥੀਆਂ ਦਾ ਪ੍ਰਤੀਕਰਮ ਭਾਂਪਣ ਲਈ ਉਹਨਾਂ ਨਾਲ ਸੰਪਰਕ ਸ਼ੁਰੂ ਕਰ ਦਿੱਤਾ। ਅਸੀਂ ਆਪਣੀ ਕਲਾਸ ਵਿਚੋਂ ਚਾਰ ਜਣੇ ਖੜ੍ਹੇ ਹੋ ਗਏ। ਉਹਨਾਂ ਵਿਚੋਂ ਇਕ ਉਮੀਦਵਾਰ ਤਰੱਕੀ ਕਰਕੇ ਬਣੇ ਪੀ.ਸੀ.ਐਸ. ਅਫਸਰ ਦਾ ਮੁੰਡਾ ਸੀ। ਜੋ ਕਚਹਿਰੀ ਵਿਚ ਸਬ ਜੱਜ ਨਾਲ ਸਟੈਨੋ ਲੱਗਿਆ ਹੋਇਆ ਸੀ ਤੇ ਦੂਸਰਾ ਇਕ ਹੋਰ ਬੈਂਕ ਵਿਚ ਕਲਰਕ ਸੀ ਤੇ ਤੀਸਰਾ ਡਰੱਗ ਇਨਸਪੈਕਟਰ ਨੂੰ ਅਖੀਰਲੇ ਦੋ ਦੀਆਂ ਵੋਟਾਂ ਤੋਂ ਵੱਧ ਵੋਟਾਂ ਪਈਆਂ। ਮੈਂ ਸ਼ਾਨਦਾਰ ਫਰਕ ਨਾਲ ਜਿੱਤ ਗਿਆ। ਮੈਂ ਉਸ ਸਾਲ ਐਲ.ਐਲ.ਬੀ. ਫ਼ਾਈਨਲ ਵਿਚ ਸੀ। ਇਕ ਕਿਸਮ ਦੀ ਇਹ ਰਵਾਇਤ ਜਿਹੀ ਚਲਦੀ ਸੀ ਕਿ ਪ੍ਰਧਾਨ ਫ਼ਾਈਨਲ ਈਅਰ ਦਾ ਵਿਦਿਆਰਥੀ ਹੀ ਚੁਣਿਆ ਜਾਵੇ। ਕੁੱਲ 12 ਨੁਮਾਇੰਦਿਆਂ 'ਚੋਂ 7 ਵੋਟਾਂ ਵਾਲਾ ਪ੍ਰਧਾਨ ਚੁਣਿਆ ਜਾਣਾ ਸੀ। ਅਸੀਂ ਦੋਵਾਂ ਸ਼ਿਫ਼ਟਾਂ ਦੇ ਨੁਮਾਇੰਦੇ ਜੋੜ ਕੇ 8 ਜਣੇ ਇਕੱਠੇ ਹੋ ਗਏ ਤੇ ਮੈਨੂੰ ਪ੍ਰਧਾਨਗੀ ਲਈ ਉਮੀਦਵਾਰ ਬਣਾ ਦਿੱਤਾ।

ਮੈਂ ਪਿੰਡਾਂ ਵਿਚੋਂ ਆਇਆ ਸੀ। ਪੇਂਡੂ ਸਲੀਕਾ ਸੁਭਾਅ ਅਤੇ ਪੇਂਡੂ ਸ਼ੈਲੀ ਜਿਹੜੀ ਕਿ ਅਜੇ ਤੱਕ ਵੀ ਮੇਰੀ ਕਾਰਜਸ਼ੈਲੀ ਤੇ ਸੁਭਾਅ 'ਚੋਂ ਆਪ ਮੁਹਾਰੇ ਝਲਕਦੀ ਹੈ। ਉਸ ਵੇਲੇ ਸ਼ਹਿਰੀ ਤਰਜ਼ ਨਾਲ ਪਲੇ ਹੋਏ ਕਾਕੇ ਮੈਨੂੰ ਘੱਟ ਪਸੰਦ ਕਰਦੇ ਸਨ। ਉਸ ਵੇਲੇ ਤਾਂ ਮੈਨੂੰ ਬਿਲਕੁਲ ਨਿਰੋਲ ਦੇਸੀ ਅਤੇ ਦਿਹਾਤੀ ਸਮਝਿਆ ਜਾਂਦਾ ਸੀ। ਸਾਡੇ 12 ਜਾਣਿਆਂ 'ਚੋਂ ਭਾਵੇਂ ਕੋਈ ਵੀ ਲੜਕੀ ਸੀ.ਆਰ. ਨਹੀਂ ਸੀ। ਪਰ ਉਂਝ ਲਾਅ ਵਿਭਾਗ ਵਿਚ ਕਾਫੀ ਲੜਕੀਆਂ ਸਨ। ਉਹ ਵੀ ਜ਼ਿਆਦਾਤਰ ਅੰਗਰੇਜ਼ੀ ਸਕੂਲਾਂ ਦੀਆਂ ਪੜ੍ਹੀਆਂ ਹੋਈਆਂ ਤੇ ਸ਼ਹਿਰੀ ਪਰਿਵਾਰਾਂ ਨਾਲ ਸਬੰਧਤ ਸਨ। ਕੁੱਝ ਸਰਦਾਰਾਂ ਦੇ ਕਾਕੇ ਅਤੇ ਪਬਲਿਕ ਸਕੂਲਾਂ ਦੀ ਪੈਦਾਇਸ਼ ਵਾਲਾ ਪਿਛੋਕੜ ਰੱਖਣ ਵਾਲੇ ਮੇਰਾ ਅੰਦਰੋ-ਅੰਦਰੀ ਵਿਰੋਧ ਕਰਦੇ ਸਨ। ਪਰ ਹੁਣ ਉਹਨਾਂ ਦੇ ਬਹੁਤਾ ਹੱਥ ਵਸ ਨਹੀਂ ਰਿਹਾ ਸੀ ਕਿਉਂਕਿ ਬਾਜ਼ੀ ਸਿਰਫ 12 ਬੰਦਿਆਂ ਦੇ ਹੱਥ ਵਿਚ ਸੀ। ਖੈਰ ਅਸੀਂ ਆਪਣੀ ਹਿੰਮਤ ਤੇ ਸੱਜਣਾਂ ਬੇਲੀਆਂ ਦੀ ਮਦਦ ਸਦਕਾ ਪ੍ਰਧਾਨਗੀ ਪਦ ਹਾਸਲ ਕਰ ਲਿਆ।

ਉਹਨਾਂ ਦਿਨਾਂ ਵਿਚ ਮੈਂ ਇਕ ਵੀ ਸ਼ਬਦ ਸਟੇਜ 'ਤੇ ਬੋਲ ਨਹੀਂ ਸਕਦਾ ਸੀ ਅਤੇ ਇਸੇ ਘਬਰਾਹਟ ਕਾਰਨ ਨਾਹੀ ਕਿਸੇ ਇਕੱਠ ਨੂੰ ਸੰਬੋਧਨ ਕਰਦਾ ਸੀ। ਲਾਅ ਵਿਭਾਗ ਦਾ ਹੈੱਡ ਪ੍ਰੋ: ਅਜੀਤ ਸਿੰਘ ਮੇਰੇ ਸਾਦੇਪਣ ਅਤੇ ਸਪਸ਼ਟਤਾ ਕਰਕੇ ਮੇਰਾ ਸਤਿਕਾਰ ਕਰਦਾ ਸੀ। ਉਹ ਹਰ ਗੱਲ ਵਿਚ ਭਾਵੇਂ ਕਿਸੇ ਵਿਦਿਆਰਥੀ ਦੀ ਫੀਸ ਮਾਫ ਕਰਨੀ ਹੋਵੇ ਤੇ ਭਾਵੇਂ ਮੁਫਤ ਕਿਤਾਬਾਂ ਦੇਣੀਆਂ ਹੋਣ ਜਾਂ ਹੋਰ ਕੋਈ ਸਹੂਲਤ ਦੇਣੀ ਹੋਵੇ ਮੇਰੀ ਸਿਫ਼ਾਰਸ਼ ਤੋਂ ਬਿਨਾਂ ਨਹੀਂ ਕਰਦਾ ਸੀ। ਮੇਰੀ ਸਿਫ਼ਾਰਸ਼ ਵੀ ਸਹੀ ਜਾਇਜ਼ ਨਿਰਪੱਖ ਅਤੇ ਮੈਰਿਟ ਦੇ ਆਧਾਰ 'ਤੇ ਹੁੰਦੀ ਸੀ।

ਮੇਰੇ ਲਈ ਸਭ ਤੋਂ ਔਖਾ ਕੰਮ ਭਾਸ਼ਣ ਦੇਣ ਦਾ ਸੀ। 1977 ਵਿਚ ਹੀ ਸ੍ਰ: ਗੁਰਮੀਤ ਸਿੰਘ ਬਰਾੜ ਸਾਬਕਾ ਮੰਤਰੀ ਪੰਜਾਬ ਸਰਕਾਰ ਦੀ ਦਿਲ ਦੇ ਦੌਰੇ ਕਾਰਨ ਅਚਾਨਕ ਮੌਤ ਹੋ ਗਈ ਸੀ। ਉਹਨਾਂ ਦਾ ਲੜਕਾ ਸ੍ਰ: ਜਗਮੀਤ ਸਿੰਘ ਬਰਾੜ ਸਾਬਕਾ ਐਮ.ਪੀ., ਉਸ ਵੇਲੇ ਐਲ.ਐਲ.ਬੀ. ਦੇ ਪਹਿਲੇ ਸਾਲ ਵਿਚ ਪੜ੍ਹਦਾ ਸੀ। ਜਦੋਂ ਇਹ ਦੁਖਦਾਈ ਖਬਰ ਮਿਲੀ ਤਾਂ ਸ਼ਾਮ ਦੀਆਂ ਕਲਾਸਾਂ ਦੇ ਲਈ ਵਿਦਿਆਰਥੀ ਅਤੇ ਸਟਾਫ ਲਾਅ ਵਿਭਾਗ ਵਿਚ ਪੁੱਜਿਆ ਤਾਂ ਹੈੱਡ ਸਾਹਿਬ ਨੇ ਇਹ ਐਲਾਨ ਕਰ ਦਿੱਤਾ ਤੇ ਨੋਟਿਸ ਲਗਾ ਦਿੱਤਾ ਕਿ ਸਾਰੇ ਵਿਦਿਆਰਥੀ ਅਤੇ ਸਟਾਫ ਇਕ ਥਾਂ ਬਾਹਰ ਘਾਹ 'ਤੇ ਇਕੱਠੇ ਹੋ ਕੇ ਵਿਛੜੀ ਰੂਹ ਦੀ ਆਤਮਾ ਦੀ ਸ਼ਾਂਤੀ ਲਈ ਸ਼ਰਧਾਂਜਲੀ ਭੇਟ ਕਰਨ ਲਈ 2 ਮਿੰਟ ਮੋਨ ਰੱਖਣਗੇ। ਜਦੋਂ ਸਾਰੇ ਇਕੱਠੇ ਹੋ ਗਏ ਤਾਂ ਹੈੱਡ ਸਾਹਿਬ ਨੇ ਇਕਦਮ ਕਿਹਾ ਕਿ ਹੁਣ ਸਟੂਡੈਂਟ ਯੂਨੀਅਨ ਦੇ ਪ੍ਰਧਾਨ ਹਰਕੇਸ਼ ਸਿੰਘ ਸਿੱਧੂ, ਮਰਹੂਮ ਸ੍ਰ: ਗੁਰਮੀਤ ਸਿੰਘ ਸਾਬਕਾ ਮੰਤਰੀ ਜੀ ਦੇ ਜੀਵਨ ਬਾਰੇ ਚੰਦ ਸ਼ਬਦ ਬੋਲਣਗੇ। ਮੇਰੀਆਂ ਲੱਤਾਂ ਕੰਬਣ ਲੱਗ ਪਈਆਂ। ਮੈਂ ਕਦੇ ਬੋਲਿਆ ਨਹੀਂ ਸੀ। ਖੈਰ ਮੈਂ ਸ੍ਰ. ਜਗਮੀਤ ਸਿੰਘ ਬਰਾੜ ਦੇ ਪਿਤਾ ਜੀ ਦੀ ਸ਼ਖ਼ਸੀਅਤ ਅਤੇ ਜੀਵਨ ਬਾਰੇ ਕੁਝ ਜਾਣਕਾਰੀ ਦੇ ਆਧਾਰ 'ਤੇ ਹੀ ਦਿਲ ਕਰੜਾ ਕਰਕੇ ਬੋਲਣ ਲੱਗ ਪਿਆ। ਜਦੋਂ ਮੈਂ ਥਿੜਕ ਕੇ ਬੋਲ ਰਿਹਾ ਸੀ, ਕੁਝ ਲੜਕੀਆਂ, ਜੋ ਅੰਗਰੇਜ਼ੀ ਸਕੂਲਾਂ ਦੇ ਪਿਛੋਕੜ ਅਤੇ ਸ਼ਹਿਰੀ ਵਰਗ ਨਾਲ ਸਬੰਧਤ ਸਨ ਉਹਨਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ, ਇਹ ਪ੍ਰਧਾਨ ਹੈ! ਪੰਜਾਬੀ ਵਿਚ ਬੋਲਦੇ, ਉਹ ਵੀ ਥਿੜਕ-ਥਿੜਕ ਕੇ ਹੋਰ ਕੋਈ ਨਹੀਂ ਲੱਭਿਆ। ਮੈਂ ਪੂਰੀ ਤਰ੍ਹਾਂ ਘਬਰਾ ਗਿਆ। ਮੈਂ ਬੋਲਦੇ-ਬੋਲਦੇ ਇਕਦਮ ਕਿਹਾ "ਹੁਣ ਅਸੀਂ ਸਵਰਗਵਾਸੀ ਸ੍ਰ: ਗੁਰਮੀਤ ਸਿੰਘ ਬਰਾੜ ਦੀ ਆਤਮਾ ਦੀ ਸ਼ਾਂਤੀ ਲਈ ਦੋ ਮਿੰਟ ਮੌਨਵਰਤ ਰੱਖਾਂਗੇ।" ਸਾਰੇ ਚੁੱਪ ਹੋ ਗਏ। ਦੋ ਮਿੰਟ ਬਾਅਦ ਸਭ ਨੂੰ ਧੰਨਵਾਦ ਕਹਿ ਕੇ ਬਿਖਰਨ ਦਾ ਸੰਕੇਤ ਕੀਤਾ। ਮੈਂ ਸੁਖ ਦਾ ਸਾਹ ਲਿਆ।

ਸਾਨੂੰ ਹਫਤੇ ਦੀਆਂ ਛੁੱਟੀਆਂ ਹੋਈਆਂ, ਮੈਂ ਪਿੰਡ ਆ ਗਿਆ। ਕਈ ਲੋਕਾਂ ਨੂੰ ਪੁੱਛਿਆ ਭਾਸ਼ਨ ਦੇਣਾ ਕਿਵੇਂ ਸਿਖੀਦਾ ਹੈ। ਕੋਈ ਕਹੇ ਸ਼ੀਸ਼ੇ ਦੇ ਸਾਹਮਣੇ ਕੁਝ ਸ਼ਬਦ ਬੋਲੋ। ਕੋਈ ਕਹੇ ਖੁੱਲ੍ਹੇ ਕਪਾਹ ਦੇ ਖੇਤਾਂ ਵਿਚ ਜਾਕੇ ਕਪਾਹ ਦੀਆਂ ਛੱਟੀਆਂ ਨੂੰ ਬੰਦੇ ਤਸੱਵਰ ਕਰਕੇ ਉਹਨਾਂ ਨੂੰ ਸੰਬੋਧਨ ਕਰਕੇ ਬੋਲੋ। ਕੋਈ ਅੱਖਾਂ ਬੰਦ ਕਰਕੇ ਭਾਸ਼ਣ ਦੇਣਾ ਸਿੱਖੋ। ਮੈਂ ਸਾਰੇ ਤਰੀਕੇ ਅਪਣਾਉਣ ਲੱਗਿਆ ਪਰ ਕਿਸੇ ਖ਼ਾਸ ਉਸਾਰੂ ਨਤੀਜੇ ਦੀ ਪ੍ਰਾਪਤੀ ਨਾ ਹੋਈ। ਇਕ ਦਿਨ ਕੁਝ ਸੱਜਣ ਬੈਠੇ ਗੱਲਾਂ ਕਰ ਰਹੇ ਸੀ। ਉਥੇ ਵੀ ਭਾਸ਼ਨ ਦੀ ਕਲਾ ਦੀ ਗੱਲ ਚੱਲ ਪਈ। ਮੈਂ ਸੋਚਿਆ ਸ਼ਾਇਦ ਐਥੋਂ ਕੋਈ ਨੁਕਤਾ

ਮਿਲ ਜਾਵੇ। ਕਹਿੰਦੇ ਹਨ ਜੇ ਕਿਸੇ ਨੂੰ ਰੋਗ ਹੋਵੇ ਉਹ ਕੋਠੇ ਚੜ੍ਹ ਕੇ ਕੂਕਾਂ ਮਾਰੇ ਕੋਈ ਨਾ ਕੋਈ ਵੈਦ ਲੱਭ ਪੈਂਦਾ ਹੈ। ਇਕ ਸੱਜਣ ਕਹਿੰਦਾ, "ਬਈ ਬਾਕੀ ਤਾਂ ਮੈਂ ਕੁਝ ਨਹੀਂ ਦੱਸ ਸਕਦਾ ਪਰ ਜੱਟ ਤਾਂ ਸਿਰਫ ਦੋ ਵੇਲੇ ਹੀ ਬੋਲ ਸਕਦਾ ਹੈ, ਇਕ ਤਾਂ ਜਦੋਂ ਉਸ ਨੇ ਸ਼ਰਾਬ ਪੀਤੀ ਹੋਵੇ, ਉਸ ਵੇਲੇ ਉਸਦੀ ਸੰਗ ਲੱਥੀ ਹੁੰਦੀ ਐ, ਦੂਸਰਾ ਜਦੋਂ ਜੱਟ ਗੁੱਸੇ ਵਿਚ ਜਾਂ ਜੋਸ਼ ਵਿਚ ਆਇਆ ਹੋਵੇ। ਮੈਂ ਉਸਦੇ ਨੁਕਤੇ 'ਤੇ ਗਹੁ ਨਾਲ ਸੋਚਣ ਲੱਗਿਆ ਤੇ ਆਪਣੇ ਮਨ ਦੀ ਕਸਵੱਟੀ 'ਤੇ ਉਸ ਨੂੰ ਪਰਖਣ ਲੱਗਾ ਕਿ ਇਹ ਗੱਲ ਜੱਚਦੀ ਹੈ ਜਾਂ ਨਹੀਂ। ਸਾਡੇ ਵਿਭਾਗ ਦੇ ਕਾਫੀ ਸਾਰੇ ਵਿਦਿਆਰਥੀ ਜਿਹੜੇ ਮੁਲਾਜ਼ਮ ਵੀ ਸਨ, ਉਹ ਰਾਜਪੁਰੇ, ਨਾਭੇ, ਭਵਾਨੀਗੜ੍ਹ, ਅੰਬਾਲਾ, ਸਰਹਿੰਦ, ਬੱਸੀ ਪਠਾਣਾ, ਖੰਨਾ, ਅਮਲੋਹ, ਮਲੇਰਕੋਟਲਾ, ਧੂਰੀ, ਸੰਗਰੂਰ, ਸਮਾਣਾ, ਪਾਤੜਾਂ ਆਦਿ ਸ਼ਹਿਰਾਂ ਤੋਂ ਵੀ ਆਉਂਦੇ ਸਨ। ਉਹਨਾਂ ਨੇ ਜਦੋਂ ਵਿਦਿਆਰਥੀਆਂ ਦੀਆਂ ਸਹੂਲਤਾਂ ਵਾਲਾ ਘੱਟ ਕਿਰਾਏ ਵਾਲਾ ਰਿਆਇਤੀ ਪਾਸ ਜਾਰੀ ਕਰਨ ਲਈ ਪੀ.ਆਰ.ਟੀ.ਸੀ. ਦੇ ਅਧਿਕਾਰੀਆਂ ਕੋਲੋਂ ਮੰਗ ਕੀਤੀ, ਉਹਨਾਂ ਨੇ ਇਹ ਕਹਿ ਕੇ ਠੁਕਰਾ ਦਿੱਤੀ ਕਿ ਸਾਡੇ ਵਿਦਿਆਰਥੀ ਮੁਲਾਜ਼ਮ ਸਨ। ਅਸੀਂ ਯੂਨੀਵਰਸਿਟੀ ਦੇ ਉੱਚ ਅਧਿਕਾਰੀਆਂ ਤੇ ਪੀ.ਆਰ.ਟੀ.ਸੀ. ਅਧਿਕਾਰੀਆਂ ਨਾਲ ਗੱਲ ਕੀਤੀ, ਪਰ ਕਿਸੇ ਸਿਰੇ ਨਾ ਲੱਗੀ।

ਪੰਜਾਬ 'ਚ ਵਿਧਾਨ ਸਭਾ ਚੋਣਾਂ ਹੋਣ ਉਪਰੰਤ ਸ੍ਰ. ਸੁਖਦੇਵ ਸਿੰਘ ਢੀਂਡਸਾ ਸਾਡੇ ਹਲਕੇ ਸੁਨਾਮ ਤੋਂ ਵਿਧਾਨ ਸਭਾ ਦੀ ਚੋਣ ਲੜ ਕੇ ਐਮ.ਐਲ.ਏ. ਬਣੇ ਸਨ। ਉਹ ਅਕਾਲੀ ਸਰਕਾਰ ਵਿਚ ਵਿਦਿਆ ਅਤੇ ਟਰਾਂਸਪੋਰਟ ਮੰਤਰੀ ਸਨ। ਮੈਂ ਉਹਨਾਂ ਨਾਲ ਸੰਪਰਕ ਕੀਤਾ। ਭਾਵੇਂ ਉਹ ਵੀ ਕਾਲਜ ਦੇ ਦਿਨਾਂ ਵਿਚ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਰਹੇ ਸਨ। ਉਹਨਾਂ ਨੇ ਸਾਡੀ ਸਾਰੀ ਗੱਲ ਗੌਰ ਨਾਲ ਸੁਣ ਕੇ ਸ੍ਰ. ਨਰਿੰਦਰ ਸਿੰਘ ਚੀਮਾ ਪੀ.ਸੀ.ਐਸ. ਉਸ ਵੇਲੇ ਦੇ ਜੀ.ਐਮ., ਪੀ.ਆਰ.ਟੀ.ਸੀ, (ਐਮ.ਡੀ.) ਨੂੰ ਫੋਨ ਕਰਕੇ ਕਿਹਾ, "ਕੁਝ ਮੁੰਡੇ ਲਾਅ ਕਾਲਜ 'ਚ ਪੜ੍ਹਦੇ ਹਨ। ਇਹਨਾਂ ਵਿਚੋਂ ਪ੍ਰਧਾਨ ਮੇਰੇ ਹਲਕੇ ਦਾ ਹੈ। ਇਹਨਾਂ ਦੀ ਗੱਲ ਸੁਣ ਲੈਣੀ, ਜੇ ਹੋ ਸਕਦਾ ਹੋਇਆ ਤਾਂ ਇਹਨਾਂ ਦਾ ਕੰਮ ਕਰ ਦੇਣਾ।"

ਢੀਂਡਸਾ ਸਾਹਿਬ ਨੇ ਆਪਣੇ ਸੁਭਾਅ ਅਨੁਸਾਰ ਹੀ ਸਾਡੀ ਸਿਫ਼ਾਰਸ਼ ਕੀਤੀ। ਜਦੋਂ ਅਸੀਂ ਐਮ.ਡੀ. ਨੂੰ ਮਿਲਣ ਗਏ ਮੈਂ ਉਸ ਨੂੰ ਦੱਸਿਆ ਕਿ ਪੀ.ਆਰ.ਟੀ.ਸੀ. ਨੂੰ ਬਹੁਤ ਥੋੜ੍ਹਾ ਵਿੱਤੀ ਫਰਕ ਪੈਣਾ ਹੈ। ਯੂਨੀਵਰਸਿਟੀ ਦੇ ਕੈਲੰਡਰ ਅਨੁਸਾਰ ਸਾਡੇ ਵਿਦਿਆਰਥੀ ਭਾਵੇਂ ਉਹ ਮੁਲਾਜ਼ਮ ਵੀ ਹਨ ਰਿਆਇਤੀ ਪਾਸ ਦੇ ਹੱਕਦਾਰ ਹਨ। ਪਰ ਉਹ ਪੈਰ 'ਤੇ ਪਾਣੀ ਨਾ ਪੈਣ ਦੇਣ। ਮੈਂ ਗੱਲ ਕਰਦੇ ਕਰਦੇ ਕਿਹਾ, "ਚੀਮਾ ਸਾਹਿਬ, ਤੁਸੀਂ ਬਹੁਤ ਵੱਡੇ ਅਫਸਰ ਹੋ, ਇਹ ਮੁੰਡੇ ਸਾਰੇ ਮੇਰੇ ਵੱਸ ਵਿਚ ਨਹੀਂ ਵਿਦਿਆਰਥੀ ਤਾਂ ਬਾਂਦਰ ਹੁੰਦੇ ਹਨ। ਜੇ ਉਲਟ ਪਾਸੇ ਚੱਲ ਪਏ ਐਵੇ ਬੱਸਾਂ ਘੇਰਨ ਤੇ ਬੱਸਾਂ ਦੇ ਸ਼ੀਸ਼ੇ ਭੰਨਣ ਤੇ ਅੱਗ ਲਾਉਣ ਤੱਕ ਵੀ ਜਾ ਸਕਦੇ ਹਨ। ਉਹ ਨੁਕਸਾਨ ਹੋਰ ਵੀ ਵੱਧ ਹੋਵੇਗਾ। ਤੁਸੀਂ ਅੜੀ ਨਾ ਕਰੋ। ਚੀਮਾ ਸਾਹਿਬ ਤੈਸ਼ ਵਿਚ ਆ ਗਏ, ਉਸ ਨੇ ਕਿਹਾ, "ਕਾਕਾ ਤੁਸੀਂ ਆਪਣੀ ਗੱਲ ਕਰਦੇ ਹੋ ਸਾਡੀਆਂ ਪਹਿਲਾਂ ਵੀ ਮੁੰਡਿਆਂ ਨੇ ਕੁੱਝ ਬੱਸਾਂ ਫੂਕ ਦਿੱਤੀਆਂ ਹਨ। ਜੇ ਦੋ ਹੋਰ ਫੂਕ ਦੇਣਗੇ ਸਾਨੂੰ ਕੋਈ ਫਰਕ ਨਹੀਂ ਪੈਂਦਾ। ਬੱਸਾਂ ਦਾ ਬੀਮਾ ਕੀਤਾ ਹੋਇਆ ਹੈ।" ਅਸੀਂ ਇਸ ਗੱਲ ਤੋਂ ਤਲਖੀ ਖਾ ਕੇ ਵਾਪਿਸ ਆ ਗਏ। ਕਿਸੇ ਅਦਾਰੇ ਦਾ ਸਭ ਤੋਂ ਵੱਡਾ ਅਫਸਰ ਅਜਿਹੀ ਗੈਰ ਜ਼ਿੰਮੇਵਾਰ ਗੱਲ ਕਹੇ ਇਹ ਬਹੁਤ ਦੁਖਦਾਈ ਗੱਲ ਸੀ। ਹੋਰ ਮੁੰਡੇ ਸਾਰੇ ਬੱਸਾਂ ਘੇਰ ਕੇ ਪਥਰਾਓ ਕਰਨ ਦੇ ਹੱਕ ਵਿਚ ਸਨ। ਪਰ ਮੈਂ ਅਜੇ ਇਸ ਗੱਲ ਦੇ ਹੱਕ ਵਿਚ ਨਹੀਂ ਸੀ।

ਅਸੀਂ ਇਕ ਛੋਟੀ ਜਿਹੀ ਰੈਲੀ ਲਾਅ ਕਾਲਜ ਵਿਚ ਕੀਤੀ। ਸਭ ਨੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ। ਕੁਝ ਸ਼ਹਿਰੀ ਅਤੇ ਕਾਕਾਸ਼ਾਹੀ ਸੋਚ ਵਾਲੇ ਸੱਜਣਾਂ ਨੇ ਮੇਰੇ 'ਤੇ ਸਰਕਾਰ ਦਾ ਪਿੱਠੂ ਹੋਣ ਦਾ ਦੋਸ਼ ਮੜ੍ਹ ਦਿੱਤਾ। ਮੈਨੂੰ ਇਹ ਗੱਲ ਕਾਫੀ ਚੁੱਭੀ, ਪਰ ਮੈਂ ਮਹਿਸੂਸ ਕੀਤਾ ਕਿ ਉਹਨਾਂ ਦੇ ਦੋਸ਼ ਵਿਚ ਕੁਝ ਵਜ਼ਨ ਜ਼ਰੂਰ ਹੈ ਕਿਉਂਕਿ ਵਿਦਿਆਰਥੀਆਂ ਦੇ ਮਸਲੇ ਤੇ ਜਮਾਤੀ ਘੋਲ ਕਦੇ ਵੀ ਸ਼ਿਫਾਰਸਾਂ ਨਾਲ ਨਹੀਂ ਬਲਕਿ ਲੋਕ ਦਬਾਅ ਨਾਲ ਹੱਲ ਹੁੰਦੇ ਹਨ। ਅਸੀਂ ਕੁਝ ਕੁ ਹੋਰ ਮੰਗਾਂ ਸਮੇਤ ਪੰਜਾਬੀ ਯੂਨੀਵਰਸਿਟੀ ਦੇ ਗੁਰੂ ਤੇਗ ਬਹਾਦਰ ਹਾਲ ਭਾਵ ਵਾਈਸ ਚਾਂਸਲਰ ਦੇ ਗੇਟ ਅੱਗੇ ਹਰ

ਇਕ ਕਲਾਸ ਵਿਚੋਂ ਦੋ-ਦੋ ਵਿਦਿਆਰਥੀਆਂ ਦਾ ਧਰਨਾ ਰੱਖ ਦਿੱਤਾ। ਹਰ ਰੋਜ਼ ਕੰਧਾਂ 'ਤੇ ਰਾਤ ਨੂੰ ਨਾਅਰੇ ਲਿਖਣ, ਇਸ਼ਤਿਹਾਰ ਲਾਉਣੇ ਤੇ ਆਪਣੀਆਂ ਖਬਰਾਂ ਲੋਕਲ ਅਖਬਾਰਾਂ, ਚੜ੍ਹਦੀ ਕਲਾ ਅਤੇ ਰਣਜੀਤ ਵਿਚ ਆਪ ਖ਼ੁਦ ਹੀ ਉਥੇ ਜਾ ਕੇ ਤੁਰੰਤ ਲਿਖ ਕੇ ਭੇਜਣੀਆਂ। ਬਾਕੀ ਦੇ ਵੱਡੇ ਅਖਬਾਰ ਦੇ ਰਿਪੋਟਰ ਅੱਜ ਦੇ ਜ਼ਮਾਨੇ ਵਾਂਗੂ ਸਾਨੂੰ ਮੂੰਹ ਨਹੀਂ ਲਾਉਂਦੇ ਸੀ।

ਜਦੋਂ ਅਸੀਂ ਧਰਨਾ ਦਿੱਤਾ ਤੇ ਰੈਲੀਆਂ ਸ਼ੁਰੂ ਹੋ ਗਈਆਂ। ਹੁਣ ਮੈਨੂੰ ਜੋਸ਼ ਵੀ ਸੀ ਤੇ ਯੂਨੀਵਰਸਿਟੀ ਪ੍ਰਸ਼ਾਸਨ ਦੇ ਖਿਲਾਫ਼ ਗੁਸਾ ਵੀ ਸੀ। ਭਾਸ਼ਨ ਦੇਣ ਵਿਚ ਕੋਈ ਦਿਕਤ ਨਾ ਸੀ। ਮੈਂ ਲਗਾਤਾਰ ਇਕ ਘੰਟਾ ਬੋਲ ਸਕਦਾ ਸੀ। ਮੇਰੇ ਉਸ ਸੱਜਣ ਵਾਲੀ ਗੱਲ ਯਾਦ ਆ ਗਈ, ਜਿਸ ਨੇ ਕਿਹਾ ਸੀ ਕਿ ਜੱਟ ਜਾਂ ਤਾਂ ਗੁੱਸੇ ਵਿਚ ਭਾਸ਼ਨ ਦੇ ਸਕਦਾ ਹੈ ਜਾਂ ਫੇਰ ਸ਼ਰਾਬ ਪੀ ਕੇ। ਸ਼ਰਾਬ ਮੈਂ ਕਦੇ ਨਹੀਂ ਪੀਤੀ ਪਰ ਜੋਸ਼ ਵਿਚ ਬੋਲਣ ਨਾਲ ਮੈਨੂੰ ਭਾਸ਼ਨ ਦੀ ਕਲਾ ਦੀ ਸਮਝ ਪੈ ਗਈ। ਸੰਗ ਤੇ ਝਕ ਟੁੱਟ ਗਈ।

**ਸਾਡੀਆਂ ਪੰਜ ਮੁੱਖ ਮੰਗਾਂ ਸਨ:**

1. ਐਲ.ਐਲ.ਬੀ. ਦੀ ਫਸਟ ਡਵੀਜ਼ਨ 65% ਦੀ ਬਜਾਇ 60% ਤੋਂ ਸ਼ੁਰੂ ਹੋਵੇ।
2. ਲਾਅ ਦੀ ਪਹਿਲੀ ਸ਼ਿਫਟ ਦੀਆਂ ਕਲਾਸਾਂ ਯੂਨੀਵਰਸਿਟੀ ਕੈਂਪਸ ਵਿਚ ਸ਼ਿਫਟ ਹੋਣ।
3. ਐਲ.ਐਲ.ਐਮ. ਦੇ ਕੋਰਸ ਲਾਗੂ ਕਰਨ।
4. ਬੱਸਾਂ ਵਿਚ ਹੋਰ ਵਿਦਿਆਰਥੀਆਂ ਵਾਂਗ ਲਾਅ ਦੇ ਵਿਦਿਆਰਥੀਆਂ ਨੂੰ ਰਿਆਇਤੀ ਪਾਸ ਨਾਲ ਸਫਰ ਕਰਨ ਦੀ ਸਹੂਲਤ ਮਿਲੇ।
5. ਐਲ.ਐਲ.ਬੀ. ਦੀ ਪਹਿਲੀ ਸ਼ਿਫਟ ਸਵੇਰੇ ਤੋਂ ਭਾਵ ਯੂਨੀਵਰਸਿਟੀ ਦੇ ਹੋਰ ਕੋਰਸਾਂ ਦੇ ਸਮੇਂ 'ਤੇ ਹੀ ਚਾਲੂ ਕੀਤੀ ਜਾਵੇ।

ਸ੍ਰ: ਅਮਰੀਕ ਸਿੰਘ ਉਸ ਵੇਲੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਹੁੰਦੇ ਸਨ। ਉਹਨਾਂ ਦਾ ਪਿਛੋਕੜ ਕਮਿਊਨਿਸਟਾਂ ਦਾ ਸੀ। ਉਹ ਸਾਨੂੰ ਗੱਲਾਂਬਾਤਾਂ ਨਾਲ ਹੀ ਪਰਚਾਉਣਾ ਚਾਹੁੰਦੇ ਸੀ। ਉਹਨਾਂ ਕਿਹਾ, "ਤੁਹਾਡੀਆਂ ਸਾਰੀਆਂ ਮੰਗਾਂ ਜਾਇਜ਼ ਹਨ ਪਰ ਇਹ ਸਾਰੀਆਂ ਸਰਕਾਰ ਦੇ ਪੱਧਰ 'ਤੇ ਮੰਨਣ ਵਾਲੀਆਂ ਹਨ। ਮੈਂ ਸਹਿਮਤ ਹਾਂ ਪਰ ਮੇਰੇ ਅਧਿਕਾਰ ਖੇਤਰ ਵਿਚ ਨਹੀਂ।" ਅਸੀਂ ਉਸ ਨੂੰ ਕਿਹਾ "ਅੱਛਾ ਫੇਰ ਤਾਂ ਗੱਲ ਹੀ ਮੁੱਕ ਗਈ, ਜੇ ਇਹ ਕਹਾਣੀ ਹੈ ਤਾਂ ਤੁਸੀਂ ਪ੍ਰੈੱਸ ਵਿਚ ਬਿਆਨ ਦੇ ਦਿਓ ਕਿ ਇਹਨਾਂ ਵਿਦਿਆਰਥੀਆਂ ਦੀਆਂ ਸਾਰੀਆਂ ਮੰਗਾਂ ਜਾਇਜ਼ ਹਨ ਤੇ ਮੈਂ ਸਹਿਮਤ ਹਾਂ, ਪਰ ਸਰਕਾਰ ਦੇ ਪੱਧਰ 'ਤੇ ਮੰਨਣਯੋਗ ਹਨ" ਅਸੀਂ ਆਪੇ ਸਰਕਾਰ ਦੇ ਦਫਤਰਾਂ ਅੱਗੇ ਧਰਨਾ ਦੇਵਾਂਗੇ ਪਰ ਉਹ ਇਸ ਗੱਲ ਤੋਂ ਵੀ ਮੁੱਕਰ ਗਏ। ਲਾਅ ਦੇ ਵਿਦਿਆਰਥੀਆਂ ਦੀ ਗਿਣਤੀ ਵੱਡੀ ਸੀ ਤੇ ਤਿੰਨ ਸਾਲ ਦਾ ਕੋਰਸ ਸੀ। ਉਹ ਮਹਿਸੂਸ ਕਰਦੇ ਸਨ ਕਿ ਇਹ ਯੂਨੀਵਰਸਿਟੀ ਵਿਚ ਭਾਰੂ ਹੋ ਜਾਣਗੇ।

ਇੱਕ ਦਿਨ ਜਦੋਂ ਅਸੀਂ ਧਰਨੇ 'ਤੇ ਬੈਠੇ ਸੀ ਤਾਂ ਉਸ ਵੇਲੇ ਮੈਡੀਕਲ ਕਾਲਜ ਦੇ ਵਿਦਿਆਰਥੀ ਨਾਅਰੇ ਮਾਰਦੇ ਹੋਏ ਬਿਨਾਂ ਕਿਸੇ ਰੋਕ ਟੋਕ ਤੋਂ ਹੀ ਸਿੱਧਾ ਕੈਂਚੀ ਗੇਟ ਧੱਕੇ ਮਾਰ ਕੇ, ਤੋੜ ਕੇ, ਉਹ ਵੀ.ਸੀ. ਦੇ ਕਮਰੇ 'ਚ ਜਾ ਵੜੇ। ਯੂਨੀਵਰਸਿਟੀ ਦੇ ਸਕਿਊਰਟੀ ਵਾਲੇ ਮੂੰਹ ਵੇਖਦੇ ਹੀ ਰਹਿ ਗਏ। ਵੀ.ਸੀ. ਨੇ ਉਹਨਾਂ ਨੂੰ ਬਾਹਰ ਲਿਜਾ ਕੇ ਸਾਰਿਆਂ ਨੂੰ ਲਾਅਨ ਵਿੱਚ ਉਹਨਾਂ ਦੀ ਮੰਗ ਮੰਨਣ ਦਾ ਭਰੋਸਾ ਦਿੰਦੇ ਹੋਏ ਸੰਬੋਧਨ ਕਰਨ ਲਈ ਪੇਸ਼ਕਸ਼ ਦਿੱਤੀ। ਉਹ 15-20 ਮਿੰਟਾਂ ਵਿੱਚ ਹੀ ਆਪਣੀ ਗੱਲ ਮੰਨਵਾ ਕੇ ਨਾਅਰੇ ਮਾਰਦੇ ਹੋਏ ਆਪਣੀ ਜਿੱਤ ਦਾ ਪ੍ਰਦਰਸ਼ਨ ਕਰਦੇ ਹੋਏ ਟਰੱਕਾਂ 'ਤੇ ਚੜ੍ਹ ਕੇ ਔਹ ਗਏ! ਔਹ ਗਏ, ਹੋ ਗਏ। ਸਾਨੂੰ ਇਹ ਵੇਖ ਕੇ ਬੜਾ ਗੁੱਸਾ ਆਇਆ।

ਅਗਲੇ ਦਿਨ ਅਸੀਂ ਗੇਟ ਦੇ ਅੱਗੇ ਧਰਨਾ ਦੇ ਕੇ ਵੀ.ਸੀ. ਨੂੰ ਵਾਰਨਿੰਗ ਦਿੱਤੀ ਕਿ ਜੇਕਰ ਵੀ.ਸੀ. ਯੂਨੀਵਰਸਿਟੀ ਵਿੱਚ ਆਪਣੇ ਦਫਤਰ ਵਿੱਚ ਹੈ ਤਾਂ ਉਸਨੂੰ ਬਾਹਰ ਨਹੀਂ ਨਿਕਲਣ ਦੇਣਾ ਜੇ ਬਾਹਰ ਹੈ ਤਾਂ ਅੰਦਰ ਨਹੀਂ ਵੜਨ ਦੇਣਾ। ਅਸੀਂ ਕਾਨੂੰਨ ਦੇ ਵਿਦਿਆਰਥੀ ਕਾਨੂੰਨ ਮੁਤਾਬਿਕ ਕਾਰਵਾਈ ਕਰ ਰਹੇ ਸੀ। ਪਰ ਅਧਿਕਾਰੀ ਕਾਨੂੰਨ ਦੀ ਗੱਲ ਦੀ ਬਜਾਏ ਗੈਰ-ਕਾਨੂੰਨੀ ਢੰਗ ਨਾਲ ਦਬਾਅ ਹੇਠ ਆ ਕੇ ਛੇਤੀ ਸਮਝਦੇ ਹਨ।

ਸਾਡੇ ਵਿਭਾਗ ਦੇ ਹੈੱਡ ਤੇ ਹੋਰ ਪ੍ਰੋਫੈਸਰ ਸਾਰੇ ਹੀ ਮਿੱਠ-ਪਿਆਰ ਨਾਲ ਸਾਨੂੰ ਪਲੋਸਣ ਲੱਗੇ ਪਰ ਅਸੀਂ ਇੱਕ ਨਾ ਮੰਨੀ। ਉਹਨਾਂ 'ਤੇ ਯੂਨੀਵਰਸਿਟੀ ਅਧਿਕਾਰੀ ਇਹ ਇਲਜ਼ਾਮ ਲਗਾ ਰਹੇ ਸਨ ਕਿ ਸਾਡੀ ਹੜਤਾਲ ਨੂੰ ਲਾਅ ਦੇ ਪ੍ਰੋਫੈਸਰ ਪਿੱਛੇ ਰਹਿ ਕੇ ਚਲਾ ਰਹੇ ਹਨ। ਅਸੀਂ ਪ੍ਰੋਫੈਸਰਾਂ ਨੂੰ ਕਿਹਾ ਤੁਸੀਂ ਇੱਕ ਪਾਸੇ ਹੋ ਜਾਓ, ਅੱਜ ਕੱਟਾ ਕੱਟੀ ਮੁੱਕ ਲੈਣ ਦਿਓ। ਉਸ ਵੇਲੇ ਦੇ ਡੀ.ਸੀ. ਸ੍ਰੀ ਐਸ.ਐਸ. ਡਾਵੜਾ ਯੂਨੀਵਰਸਿਟੀ ਪੁੱਜੇ। ਉਹਨਾਂ ਨੇ ਸਾਡੀ ਸਾਰੀ ਗੱਲ ਸੁਣ ਕੇ ਅਗਲੇ ਦਿਨ ਲਈ ਸ੍ਰੀ. ਟੀ.ਸੀ. ਗੁਪਤਾ ਪੀ.ਸੀ.ਐਸ.,ਐਸ.ਡੀ.ਐਮ. ਪਟਿਆਲਾ ਨੂੰ ਸਾਡੀ ਗੱਲਬਾਤੀ ਮੀਟਿੰਗ ਵਿੱਚ ਸਰਕਾਰ ਦੇ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਨੁਮਾਇੰਦੇ ਵਜੋਂ ਸ਼ਾਮਲ ਕਰ ਦਿੱਤਾ। ਅਗਲੇ ਦਿਨ ਸਾਡੀ ਮੀਟਿੰਗ ਹੋਈ। ਡੀ.ਸੀ. ਨੇ ਸਾਡੀ ਗੱਲ ਬਾਦਲੀਲ ਸੁਣ ਕੇ ਵੀ.ਸੀ. ਨੂੰ ਕਿਹਾ ਕਿ ਮੈਨੂੰ ਇਹ ਯਕੀਨ ਹੋ ਗਿਆ ਕਿ ਇਹਨਾਂ ਲਾਅ ਦੇ ਵਿਦਿਆਰਥੀਆਂ ਦੀਆਂ ਮੰਗਾਂ ਜਾਇਜ਼ ਨੇ ਤੇ ਇਹ ਮੰਨ ਲੈਣੀਆਂ ਚਾਹੀਦੀਆਂ ਹਨ, ਨਹੀਂ ਤਾਂ ਉਹ ਸਰਕਾਰ ਦਾ ਨੁਮਾਇੰਦਾ ਹੋਣ ਨਾਤੇ ਸਰਕਾਰ ਨੂੰ ਸਿੱਧਾ ਸੂਚਿਤ ਕਰ ਦੇਵੇਗਾ।

ਵੀ.ਸੀ. ਵੀ ਪੱਕਾ ਹੰਢਿਆ ਹੋਇਆ ਕਾਮਰੇਡ ਸੀ। ਉਸ ਨੇ ਡੀ.ਸੀ. ਨੂੰ ਕਿਹਾ ਕਿ ਇਹ ਮੁੱਠੀ ਭਰ ਮੁੰਡੇ ਨਾਅਰੇ ਮਾਰਦੇ ਨੇ ਅਸਲ 'ਚ ਬਹੁਗਿਣਤੀ ਸ਼ਹਿਰ ਵਿੱਚ ਹੀ ਪੜ੍ਹਨਾ ਚਾਹੁੰਦੀ ਐ ਕਿਉਂਕਿ ਬਹੁਤ ਸਾਰੇ ਵਿਦਿਆਰਥੀ ਮੁਲਾਜ਼ਮ ਨੇ ਇਸ ਲਈ ਉਹ ਸ਼ਹਿਰ 'ਚ ਹੀ ਕਲਾਸਾਂ ਲਾਉਣਾ ਚਾਹੁੰਦੇ ਨੇ। ਉਸ ਨੇ ਫੁੱਚਰ ਲਾਤੀ। ਮੈਂ ਕਿਹਾ ਡੀ.ਸੀ. ਸਾਹਿਬ ਰੈਫਰੈਂਡਮ ਕਰਵਾ ਲਓ। ਵੀ.ਸੀ. ਸਹਿਮਤ ਹੋ ਗਿਆ। ਰੈਫਰੈਂਡਮ ਵਿੱਚ 600 'ਚੋਂ ਸਾਡੇ ਹੱਕ ਵਿੱਚ 595 ਤੇ ਉਲਟ ਸਿਰਫ ਪੰਜ ਜਾਣੇ ਹੀ ਭੁਗਤੇ।

ਹੁਣ ਵੀ.ਸੀ. ਜਰਕ ਗਿਆ। ਸਾਡੀਆਂ ਮੰਗਾਂ ਪ੍ਰਵਾਨ ਹੋ ਗਈਆਂ।

ਵਾਈਸ ਚਾਂਸਲਰ ਨੇ ਜਦੋਂ ਮੰਗਾਂ ਪ੍ਰਵਾਨ ਕਰਨ ਦਾ ਐਲਾਨ ਕਰ ਦਿੱਤਾ, ਮਾਹੌਲ ਇਕਦਮ ਖੁਸ਼ਗਵਾਰ ਹੋ ਗਿਆ। ਉਸ ਨੇ ਸਾਨੂੰ ਦੋ ਜਣਿਆਂ ਨੂੰ, ਇੱਕ ਮੈਨੂੰ ਅਤੇ ਦੂਜਾ ਸ੍ਰ: ਮਨਜੀਤ ਸਿੰਘ ਮਾਂਗਟ ਜੋ ਅੱਜ ਕੱਲ ਕਨੇਡਾ ਵਿੱਚ ਉੱਚ ਕੋਟੀ ਦਾ ਵਕੀਲ ਹੈ। ਇਹ ਦਾਤ ਦਿੱਤੀ "ਮੇਰੇ ਪੁੱਤਰੋ ਮੈਂ ਤੁਹਾਡੀਆਂ ਦਲੀਲਾਂ ਸੁਣ-ਸੁਣ ਕੇ ਕਾਇਲ ਹੋ ਗਿਆ ਹਾਂ। ਤੁਸੀਂ ਆਪਣੇ ਜੀਵਨ ਵਿੱਚ ਬੜੇ ਉੱਚ ਕੋਟੀ ਦੇ ਵਕੀਲ ਬਣੋਗੇ। ਤੁਸੀਂ ਗੱਲ ਹਮੇਸ਼ਾ ਦਲੀਲ ਨਾਲ ਕਰਦੇ ਹੋ ਪਰ ਇੱਕ ਗੱਲ ਦਾ ਖ਼ਿਆਲ ਰੱਖਣਾ ਦਲੀਲ ਦਿੰਦੇ ਸਮੇਂ ਗੁੱਸੇ ਵਿੱਚ ਨਹੀਂ ਆਈਦਾ। ਗੁੱਸੇ ਨਾਲ ਦਲੀਲ ਦਾ ਵਜ਼ਨ ਘੱਟ ਜਾਂਦਾ ਹੈ। ਦਲੀਲ ਮੁਜ਼ਾਹਰਾ ਬਣ ਜਾਂਦੀ ਐ। ਭਾਵੇਂ ਵੀ.ਸੀ. ਨੇ ਸਾਨੂੰ ਬਹੁਤ ਪ੍ਰੇਸ਼ਾਨ ਕੀਤਾ ਪਰ ਘੱਟ ਅਸੀਂ ਵੀ ਨਹੀਂ ਗੁਜ਼ਾਰੀ। ਉਸ ਦੀਆਂ ਇਹ ਵਡਮੁੱਲੀਆਂ ਗੱਲਾਂ ਤੇ ਨਸੀਹਤ ਅੱਜ ਵੀ ਸਾਨੂੰ ਯਾਦ ਰਹਿੰਦੀ ਹੈ। ਅਸੀਂ ਨਾਅਰੇ ਮਾਰਦੇ ਹੋਏ ਖ਼ੁਸ਼ੀ-ਖ਼ੁਸ਼ੀ ਘਰਾਂ ਨੂੰ ਪਰਤ ਗਏ।

ਉਸ ਤੋਂ ਅਗਲੇ ਦਿਨ ਜਦੋਂ ਅਸੀਂ ਜਿੱਤ ਦਾ ਜਸ਼ਨ ਕਾਨੂੰਨ ਵਿਭਾਗ ਦੇ ਕੈਂਪਸ ਵਿਚ ਭੁਪਿੰਦਰਾ ਰੋਡ 'ਤੇ ਸਥਿਤ ਕੋਠੀ 'ਚ ਮਨਾ ਰਹੇ ਸਾਂ ਤਾਂ ਸਾਡੇ ਹੈੱਡ ਸਾਹਿਬ ਨੇ ਸਾਰੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਸਾਡੇ ਸਾਰਿਆਂ ਲਈ ਬੜੀ ਖ਼ੁਸ਼ੀ ਦੀ ਗੱਲ ਹੈ। ਸਾਡੀਆਂ 5 ਮੰਗਾਂ ਸਨ ਪ੍ਰੰਤੂ ਛੇ ਪ੍ਰਵਾਨ ਹੋ ਗਈਆਂ ਹਨ।

ਇਹ ਪ੍ਰਾਪਤੀ ਕਿਸੇ ਵੀ ਜਦੋਜਹਿਦ ਦੇ ਇਤਿਹਾਸ ਵਿਚ ਸ਼ਾਇਦ ਪਹਿਲੀ ਮਿਸਾਲ ਹੋਵੇ। ਅਸੀਂ ਸਾਰੇ ਹੈਰਾਨ ਹੋ ਗਏ ਕਿ ਮੰਗਾਂ ਤਾਂ ਪੰਜ ਹੀ ਸਨ ਤੇ ਪੰਜ ਹੀ ਪ੍ਰਵਾਨ ਹੋਈਆਂ ਹਨ। ਛੇਵੀਂ ਮੰਗ ਹੈੱਡ ਸਾਹਿਬ ਨੇ ਕਿਹੜੀ ਜੋੜ ਦਿੱਤੀ। ਜਦੋਂ ਮੁੰਡਿਆਂ ਨੇ ਪੁੱਛਿਆ, "ਸਰ ਛੇਵੀਂ ਮੰਗ ਕਿਹੜੀ ਹੈ" ਹੈੱਡ ਸਾਹਿਬ ਨੇ ਉੱਤਰ ਦਿੱਤਾ, "ਐਜੀਟੇਸ਼ਨ ਤੋਂ

ਪਹਿਲਾਂ ਸਾਡੀ ਯੂਨੀਅਨ ਦੇ ਪ੍ਰਧਾਨ ਭਾਸ਼ਨ ਨਹੀਂ ਦੇਣਾ ਜਾਣਦੇ ਸਨ, ਪਰ ਹੁਣ ਇਹ ਬਿਨਾਂ ਰੋਕ ਦੇ ਘੰਟਿਆਂ ਬੱਧੀ ਪ੍ਰਭਾਵਸ਼ਾਲੀ ਭਾਸ਼ਨ ਦੇ ਸਕਦੇ ਹਨ। ਇਹ ਸਾਡੀ ਛੇਵੀਂ ਮੰਗ ਹੀ ਹੋਈ ਨਾ!" ਸਾਰੇ ਵਿਦਿਆਰਥੀਆਂ ਨੇ ਇਸ ਗੱਲ ਦਾ ਜ਼ੋਰਦਾਰ ਤਾੜੀਆਂ ਮਾਰ ਕੇ ਸੁਆਗਤ ਕੀਤਾ। ਮੇਰੇ ਬਾਰ-ਬਾਰ ਉਸ ਸੱਜਣ ਦੀ ਗੱਲ ਯਾਦ ਆ ਰਹੀ ਸੀ, ਜਿਸ ਨੇ ਕਿਹਾ ਸੀ ਕਿ ਜੱਟ ਸ਼ਰਾਬ ਪੀ ਕੇ ਜਾਂ ਗੁੱਸੇ ਵਿਚ ਆ ਕੇ ਭਾਸ਼ਨ ਦੇ ਸਕਦਾ ਹੈ। ਉਸ ਦੀ ਗੱਲ ਬਿਲਕੁਲ ਸੱਚੀ ਸਾਬਤ ਹੋਈ।

ਨਾਲ਼ੇ ਪੁੰਨ ਤੇ ਨਾਲ਼ੇ ਫਲੀਆਂ!!

ਇਹ ਘੋਲ ਤੇ ਘੋਲ 'ਚੋਂ ਜਿੱਤ ਮੇਰੇ ਲਈ ਬਹੁਤ ਖ਼ੁਸ਼ਕਿਸਮਤੀ ਵਾਲੀ ਸਾਬਤ ਹੋਈ। ਇਸ ਘਟਨਾ ਦੇ ਨਾਲ ਮੇਰੀ ਸ਼ਖ਼ਸੀਅਤ ਵਿੱਚ ਆਤਮ ਵਿਸ਼ਵਾਸ, ਹੌਸਲਾ ਤੇ ਸ਼ਖ਼ਸੀਅਤ ਦਾ ਅਮਲੀ ਰੂਪ 'ਚ ਉਭਾਰ ਹੋਇਆ।

◆◆◆

## ਅੰਕ-12

# ਰੈਫਰੈਂਡਮ ਦੀ ਚਾਲ

ਜਦ ਹਾਕਮ ਦੀ ਹਉਮੈ ਟੁੱਟ ਜਾਏ, ਫੇਰ ਪੁੱਠੀਆਂ ਘੁੰਡੀਆਂ ਪਾਉਂਦਾ ਹੂ।
ਦਿਆਲੂ ਰੱਬ ਉਹਨਾਂ ਦੀਆਂ ਸੁਣਦਾ, ਮਾਨਸ ਜੋ ਸੱਚ ਦੇ ਰਾਹੇ ਆਉਂਦਾ ਹੂ।

ਮੈਡੀਕਲ ਕਾਲਜ ਦੇ ਮੁੰਡਿਆਂ ਦੀ ਹੁੱਲੜਬਾਜ਼ੀ ਸਾਨੂੰ ਟੇਢੇ ਢੰਗ ਨਾਲ ਰਾਸ ਆ ਗਈ। ਅਗਲੇ ਦਿਨ ਅਸੀਂ ਮੁੰਡਿਆਂ ਦੀ ਗਿਣਤੀ ਵਧਾ ਲਈ, ਕੁੱਝ ਹੋਰ ਕਾਲਜਾਂ ਦੇ ਮੁੰਡੇ ਵੀ ਬੁਲਾ ਲਏ। ਮੁੱਖ ਬੁਲਾਰਿਆਂ ਨੇ ਗੇਟ ਅੱਗੇ ਤਿੱਖੀਆਂ ਤਕਰੀਰਾਂ ਕੀਤੀਆਂ ਕਿ ਇਹ ਵੀ.ਸੀ. ਭਲੇਮਾਣਸੀ ਦੀ ਬੋਲੀ ਨਹੀਂ ਸਮਝਦੇ। ਅੱਜ ਗੱਲ ਅੰਨੇ ਬੰਨੇ ਲਾ ਕੇ ਜਾਵਾਂਗੇ। ਅਸੀਂ ਵੀ.ਸੀ. ਨੂੰ ਅੰਦਰ ਹੀ ਘੇਰ ਲਿਆ। ਵਾਈਸ ਚਾਂਸਲਰ ਅਤੇ ਉਸ ਦੀ ਟੀਮ ਨੇ ਸਾਡਾ ਰੁਖ ਵੇਖ ਲਿਆ ਕਿ ਇਹ ਹੁਣ ਟਲਣ ਵਾਲੇ ਨਹੀਂ ਹਨ। ਅਸੀਂ ਤਕਰੀਰ ਕਰਦੇ ਆਖ ਦਿੱਤਾ ਸੀ ਕਿ ਅੱਜ ਵੀ.ਸੀ. ਨੂੰ ਦਫਤਰ ਤੋਂ ਬਾਹਰ ਨਹੀਂ ਜਾਣ ਦਿਆਂਗੇ ਜਿੰਨਾ ਚਿਰ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ। ਉਸ ਵੇਲੇ ਸਾਡੇ ਦੋ ਵਿਦਿਆਰਥੀ ਨੇਤਾ ਮਨਜੀਤ ਮਾਂਗਟ ਅੱਜਕੱਲ੍ਹ ਕਨੇਡਾ ਵਿੱਚ ਸੀਨੀਅਰ ਵਕੀਲ ਤੇ ਦੂਜਾ ਦਵਿੰਦਰ ਸ਼ੋਰੀ ਜੋ ਅੱਜਕੱਲ੍ਹ ਸਫਲ ਵਕੀਲ ਤੇ ਤਿੰਨ ਵਾਰ ਐਲਬਰਟਾ ਤੋਂ ਐਮ.ਪੀ. ਰਹਿ ਚੁੱਕਿਆ ਹੈ, ਉਹ ਧਰਨੇ 'ਤੇ ਬੈਠੇ ਸੀ। ਮੁੰਡਿਆਂ 'ਚ ਪੂਰਾ ਰੋਹਬ ਸੀ ਕਿਉਂਕਿ ਮੈਡੀਕਲ ਕਾਲਜ ਦੀ ਘਟਨਾ ਨੇ,"ਸ਼ਰਾਫ਼ਤ ਛੋਡ ਦੀ ਹਮਨੇ" ਵਾਲੀ ਗੀਤਾਂ ਦੀ ਧੁਨੀ ਸ਼ੁਰੂ ਕਰ ਦਿੱਤੀ ਸੀ। ਵੀ.ਸੀ. ਨੇ ਨਾਲ ਦੀ ਨਾਲ ਜ਼ਿਲ੍ਹਾ ਪ੍ਰਸ਼ਾਸਨ ਨੂੰ ਫ਼ੋਨ ਕਰਤਾ। ਤਤਕਾਲੀ ਐੱਸ.ਡੀ.ਐੱਮ. ਸ੍ਰੀ ਟੀ.ਸੀ. ਗੁਪਤਾ, ਪੀ.ਸੀ.ਐੱਸ. ਜੋ ਆਪਣੇ ਜ਼ਮਾਨੇ ਦੇ ਸਿਆਣੇ ਹੰਢੇ ਹੋਏ ਤੇ ਕੁਸ਼ਲ ਪ੍ਰਬੰਧਕ ਮੰਨੇ ਜਾਂਦੇ ਸਨ, ਉਹ ਬਾਅਦ 'ਚ ਪਟਿਆਲੇ ਤੇ ਕਾਮਯਾਬ ਤੇ ਵਿਕਾਸਮੁਖੀ ਡੀ.ਸੀ. ਵੀ ਰਹੇ। ਉਹ ਪੁਲਿਸ ਦੀ ਟੁਕੜੀ ਸਮੇਤ ਯੂਨੀਵਰਸਿਟੀ ਪੁੱਜ ਗਏ।

ਉਧਰੋਂ ਸਾਡੀ ਟੀਮ, ਯੂਨੀਵਰਸਿਟੀ ਦੀ ਵੀ.ਸੀ. ਦੀ ਟੀਮ ਤੇ ਡੀ.ਸੀ. ਸ੍ਰੀ ਐਸ. ਐਸ. ਡਾਵਰਾ ਦੀ ਪ੍ਰਸ਼ਾਸਨਿਕ ਟੀਮ ਐਸ.ਐਸ.ਪੀ. ਸਮੇਤ ਪਹੁੰਚ ਕੇ ਮੀਟਿੰਗਾਂ ਦਾ ਦੌਰ ਸ਼ੁਰੂ ਹੋਇਆ। ਸ੍ਰੀ ਟੀ.ਸੀ. ਗੁਪਤਾ ਮੀਟਿੰਗ ਸ਼ੁਰੂ ਕਰਾਉਣ ਦੀ ਭੂਮਿਕਾ ਨਿਭਾਉਣ ਲੱਗੇ। ਉਹਨਾਂ ਨੇ ਸ਼ੁਰੂ 'ਚ ਹੀ ਮੈਨੂੰ ਸੰਬੋਧਨ ਕਰਕੇ ਕਿਹਾ, ਪ੍ਰਧਾਨ ਜੀ ਆਹ ਡਾਵਰਾ ਸਾਹਿਬ ਡੀ.ਸੀ. ਨੇ ਤੇ ਆਹ ਐਸ.ਜੇ.ਬੀ. ਓਹਰੀ ਐਸ.ਐਸ.ਪੀ. ਨੇ। ਸਾਰਿਆਂ ਨੇ ਰਲਕੇ ਮਹੌਲ ਸ਼ਾਂਤਮਈ ਰੱਖਣਾ ਏ।"

ਮੈਂ ਸ੍ਰੀ ਟੀ.ਸੀ. ਗੁਪਤਾ ਨੂੰ ਜਾਣਦਾ ਨਹੀਂ ਸੀ। ਮੈਂ ਉਸ ਨੂੰ ਕਿਹਾ,"ਤੁਸੀਂ ਪਹਿਲਾਂ ਆਪਣੀ ਜਾਣ ਪਹਿਚਾਣ ਤਾਂ ਕਰਵਾਓ ਅਸੀਂ ਕਿਸ ਨਾਲ਼ ਗੱਲ ਕਰ ਰਹੇ ਆਂ?" ਐਨਾ ਕਹਿਣ ਨਾਲ਼ ਐੱਸ ਡੀ ਐਮ ਥੋੜ੍ਹੇ ਹੱਕੇ ਬੱਕੇ ਜਿਹੇ ਹੋ ਗਏ ਤੇ ਫੇਰ ਬੋਲੇ ਜੀ ਮੈਂ ਟੀ.ਸੀ. ਗੁਪਤਾ ਐੱਸ. ਡੀ. ਐਮ. ਪਟਿਆਲਾ ਹਾਂ ਜੀ।"

ਮੈਂ ਡੀ.ਸੀ. ਨੂੰ ਸੰਬੋਧਨ ਕਰ ਕੇ ਕਿਹਾ, ਡੀ.ਸੀ. ਸਾਹਿਬ ਵੀ.ਸੀ. ਤੇ ਵਿਦਿਆਰਥੀਆਂ ਦਾ ਰਿਸ਼ਤਾ ਪਿਉ ਪੁੱਤਰ ਵਾਲਾ ਤੇ ਗੁਰੂ ਚੇਲੇ ਵਾਲਾ ਹੋਣਾ ਚਾਹੀਦੈ ਨਾ ਕਿ ਹੈਂਕੜ ਅਤੇ ਹਉਮੈ ਵਾਲਾ।

ਮੈਂ ਸਾਡੀਆਂ ਸਾਰੀਆਂ ਪੰਜੇ ਮੰਗਾਂ ਦੱਸੀਆਂ ਤੇ ਡੀ.ਸੀ. ਨੂੰ ਕਿਹਾ,"ਸਰ ਤੁਸੀਂ ਆਪ ਹੀ ਦੱਸੋ ਕਿਹੜੀ ਨਜਾਇਜ਼ ਤੇ ਗਲਤ ਹੈ?" ਇਹ ਵੀ ਦੱਸਿਆ ਕਿ ਕੱਲ੍ਹ ਮੈਡੀਕਲ ਦੇ ਮੁੰਡੇ ਇੱਕ ਟਰੱਕ ਭਰ ਕੇ ਲਿਆਏ ਤੇ ਵੀ.ਸੀ. ਦੇ ਦਰਵਾਜ਼ੇ ਤੋੜ ਕੇ ਅੰਦਰ ਵੜੇ ਤੇ ਪੰਜ ਮਿੰਟਾਂ 'ਚ ਮੰਗਾਂ ਮਨਵਾ ਕੇ ਔਹ ਗਏ, ਔਹ ਗਏ। ਡੀਨ ਵਿਦਿਆਰਥੀ ਡਾ. ਫੌਜਾ ਸਿੰਘ ਭਾਵੇਂ ਵੱਡਾ ਇਤਿਹਾਸਕਾਰ ਸੀ ਪਰ ਕਾਮਨ ਸੈਂਸ ਉਸ ਤੋਂ ਵੀ ਵੱਡੀ ਚੀਜ਼ ਹੁੰਦੀ ਐ। ਉਹ ਬੋਲਿਆ, "ਮੈਡੀਕਲ ਦੇ ਬੱਚਿਆਂ ਨੇ ਡਾਕਟਰ ਬਣਨਾ ਹੁੰਦਾ ਏ।" ਉਹਨਾਂ ਦਾ ਆਖਰੀ ਸਾਲ ਸੀ। ਇੱਕ ਸਾਲ ਖ਼ਰਾਬ ਹੁੰਦਾ ਸੀ। ਮੈਂ ਕਿਹਾ ਜੀ

ਕੀ ਵਕੀਲ ਸਮਾਜ ਦਾ ਮਹੱਤਵਪੂਰਨ ਅੰਗ ਨਹੀਂ? ਡਾਕਟਰ ਦਵਾਈ ਦਿੰਦੇ ਨੇ ਪਰ ਵਕੀਲ ਜਦੋਂ ਕਿਸੇ ਵੀ ਵੱਡੇ ਛੋਟੇ ਦੀ ਜਾਨ ਕੁੜਿੱਕੀ ਵਿੱਚ ਆਈ ਹੋਵੇ ਰਾਹਤ ਦਿਵਾਉਂਦੇ ਨੇ। ਅਜ਼ਾਦੀ ਦੀ ਲੜਾਈ 'ਚ ਸਭ ਤੋਂ ਵੱਧ ਵਕੀਲ ਸਨ। ਡੀ.ਸੀ. ਸਾਹਿਬ ਸਾਰੀ ਗੱਲ ਟਿਕਟਿਕੀ ਲਗਾ ਕੇ ਸ਼ਾਂਤਮਈ ਢੰਗ ਨਾਲ਼ ਸੁਣ ਰਹੇ ਸੀ। ਮੈਂ ਕਿਹਾ, "ਜੀ, ਵੀ.ਸੀ. ਸਾਹਿਬ ਨੂੰ ਪੁੱਛ ਲਓ ਸਾਡੀ ਕਿਹੜੀ ਮੰਗ ਨਾਜਾਇਜ਼ ਐ? ਅਸਲੀ ਕਾਰਨ ਇਹ ਐ ਕਿ ਯੂਨੀਵਰਸਿਟੀ ਅਧਿਕਾਰੀ ਨਹੀਂ ਚਾਹੁੰਦੇ ਕਿ ਤਿੰਨ ਸੌ ਵਿਦਿਆਰਥੀ ਹੋਰ ਕੈਂਪਸ 'ਚ ਆਉਣ ਜੋ ਪੰਜ ਸਾਲ ਤੱਕ ਰਹਿਣਗੇ ਅਸਲੀ ਮਸਲਾ ਇਹ ਐ।

ਡੀ.ਸੀ. ਨੇ ਸਾਰੀ ਗੱਲ ਸਮਝ ਕੇ ਵੀ.ਸੀ. ਨੂੰ ਕਿਹਾ ਕਿ ਵੀ.ਸੀ. ਸਾਹਿਬ ਮੰਗਾਂ ਮੰਨਣੀਆਂ ਜਾਂ ਨਾ ਮੰਨਣੀਆਂ ਇਹ ਤੁਹਾਡਾ ਅਧਿਕਾਰ ਖੇਤਰ ਐ। ਸਾਡਾ ਪ੍ਰਸ਼ਾਸਨ ਦਾ ਉਦੇਸ਼ ਜ਼ਿਲ੍ਹੇ ਵਿੱਚ ਅਮਨ ਸ਼ਾਂਤੀ ਤੇ ਆਪਸੀ ਭਾਈਚਾਰਾ ਕਾਇਮ ਰੱਖਣਾ ਹੈ। ਜੇ ਅੱਜ ਫ਼ੈਸਲਾ ਨਹੀਂ ਹੁੰਦਾ ਤਾਂ ਪ੍ਰਸ਼ਾਸਨ ਵੱਲੋਂ ਸਹੀ ਨਿਰਪੱਖ ਰਿਪੋਰਟ ਸਰਕਾਰ ਨੂੰ ਭੇਜ ਦਿੱਤੀ ਜਾਊ।

ਦੋ ਤਿੰਨ ਮੀਟਿੰਗਾਂ ਵੱਖਰੇ-ਵੱਖਰੇ ਗਰੁੱਪਾਂ 'ਚ ਹੋਈਆਂ।

ਅਖੀਰ ਕੈਂਪਸ ਸ਼ਿਫਟ ਕਰਨ ਤੋਂ ਬਿਨਾਂ ਸਾਰੀਆਂ ਮੰਗਾਂ ਮੰਨਣ ਲਈ ਵੀ.ਸੀ. ਤਿਆਰ ਹੋ ਗਿਆ।

ਕੈਂਪਸ ਸ਼ਿਫਟ ਕਰਨ ਬਾਰੇ ਡੀਨ ਵਿਦਿਆਰਥੀ ਬਲਜੀਤ ਸਿੰਘ ਨੇ ਇਹ ਚਾਲ ਚੱਲੀ ਕਿ ਸਾਡੇ ਕਾਲਜ ਦੇ ਥੋੜ੍ਹੇ ਬੱਚੇ ਇਸ ਮੰਗ 'ਤੇ ਰੌਲਾ ਪਾਉਂਦੇ ਨੇ ਬਹੁਮਤ ਸਾਨੂੰ ਵੱਖ-ਵੱਖ ਮਿਲ ਕੇ ਸ਼ਹਿਰ 'ਚ ਹੀ ਕਲਾਸਾਂ ਲਾਉਣ ਬਾਰੇ ਜ਼ੋਰ ਪਾ ਰਿਹਾ ਐ। ਵੀ.ਸੀ. ਇਸ ਬਹਾਨੇ ਆਪਣੀ ਇੱਜ਼ਤ ਬਚਾਉਣਾ ਚਾਹੁੰਦਾ ਸੀ।

ਮੈਂ ਕਿਹਾ, "ਸਰ ਮਾਫ਼ ਕਰਨਾ ਸਾਡੇ ਮਾਨਯੋਗ ਵੀ.ਸੀ. ਸਾਹਿਬ ਜਿਵੇਂ ਕਮਿਊਨਿਸਟ ਪਿਛੋਕੜ ਨਾਲ ਸੰਬੰਧ ਰੱਖਦੇ ਹਨ, ਪਰ ਸਾਡੀ ਐਜੀਟੇਸ਼ਨ ਫ਼ੇਲ੍ਹ ਕਰਨ ਲਈ ਅੰਗਰੇਜ਼ਾਂ ਵਾਲੀ 'ਪਾੜੋ ਤੇ ਰਾਜ ਕਰੋ' ਵਾਲੀ ਨੀਤੀ ਲਾਗੂ ਕਰਨਾ ਚਾਹੁੰਦੇ ਨੇ। ਅਸੀਂ ਸਾਰੇ ਇਕੱਠੇ ਤੇ ਇੱਕ ਮੁੱਠ ਹਾਂ।" ਹੁਣ ਮੰਗਾਂ ਮੰਨਣ ਲਈ ਮੈਨੇਜਮੈਂਟ ਦਾ ਫ਼ੈਸਲਾ ਹਾਂ-ਪੱਖੀ ਹੋ ਗਿਆ ਸੀ ਪਰ ਵਾਈਸ ਚਾਂਸਲਰ ਦੇ ਸਵੈ ਅਭਿਮਾਨ ਨੂੰ ਠੇਸ ਲੱਗਣ ਤੋਂ ਕਿਵੇਂ ਬਚਾਇਆ ਜਾਵੇ, ਇਹ ਮਸਲਾ ਅੱਗੇ ਪਹਾੜ ਵਾਂਗ ਖੜ੍ਹਾ ਸੀ। ਡਾਵਰਾ ਸਾਹਿਬ ਮੀਟਿੰਗ 'ਚੋਂ ਉੱਠ ਕੇ ਮੈਨੂੰ ਇਕ ਪਾਸੇ ਸੋਫ਼ੇ 'ਤੇ ਲੈ ਗਏ। ਉਹਨਾਂ ਮੈਨੂੰ ਕਿਹਾ, "ਪ੍ਰਧਾਨ ਜੀ ਤੁਸੀਂ ਮੇਰੇ ਪੁੱਤਰਾਂ ਵਰਗੇ ਹੋ। ਮੈਂ ਤੁਹਾਡਾ ਮਸਲਾ ਹੱਲ ਕਰਵਾ ਦਿੰਦਾ ਹਾਂ, ਜੇ ਵੀ.ਸੀ. ਨਾ ਮੰਨਿਆ ਤਾਂ ਮੁੱਖ ਸਕੱਤਰ ਕੋਲ ਨਾਲ ਲਿਜਾ ਕੇ ਤੁਹਾਡੀ ਵਕਾਲਤ ਕਰਾਂਗਾ। ਹੁਣ ਸਿਰਫ਼ ਗੱਲ ਐਨੀ ਅੜੀ ਹੋਈ ਹੈ ਕਿ ਬਾਕੀ ਮੰਗ ਦਾ ਕੋਈ ਰੌਲ਼ਾ ਨਹੀਂ, ਸਿਰਫ਼ ਕੈਂਪਸ ਸ਼ਿਫ਼ਟ ਕਰਨ ਦਾ ਹੈ। ਜੇ ਤੁਸੀਂ ਕੋਈ ਇਤਰਾਜ਼ ਨਾ ਕਰੋ ਤਾਂ ਇਸ ਮਸਲੇ 'ਤੇ ਤੁਹਾਡੇ ਆਪਣੇ ਵਿਭਾਗ ਦੇ ਵਿਦਿਆਰਥੀਆਂ ਦਾ ਯੂਨੀਵਰਸਿਟੀ ਵਿਖੇ ਕੈਂਪਸ ਸ਼ਿਫਟ ਕਰਨ ਬਾਰੇ ਰੈਫਰੈਂਡਮ ਕਰਵਾ ਲਿਆ ਜਾਵੇ। ਇਕ ਹਫ਼ਤੇ 'ਚ ਤੁਸੀਂ ਇਹ ਮਸ਼ਕ ਪੂਰੀ ਕਰ ਲਓ। ਇਸ ਨਾਲ ਵੀ.ਸੀ. ਦੀ ਇੱਜ਼ਤ ਰਹਿ ਜਾਊ। ਮੈਂ ਡੀ.ਸੀ. ਨਾਲ ਗੱਲ ਕਰਨ ਤੋਂ ਬਾਅਦ ਸਾਡੀ ਯੂਨੀਅਨ ਦੇ ਨੁਮਾਇੰਦਿਆਂ ਨਾਲ ਗੱਲ ਕਰਨ ਦੀ ਇਜਾਜ਼ਤ ਮੰਗੀ। ਜਿਸ ਸੋਫੇ 'ਤੇ ਮੈਂ ਅਤੇ ਡੀ.ਸੀ. ਬੈਠੇ ਸੀ, ਡੀ.ਸੀ. ਉੱਠ ਗਿਆ। ਮੈਂ ਆਪਣੇ ਨਾਲ ਦੇ ਯੂਨੀਅਨ ਦੇ ਸਾਥੀ ਬੁਲਾ ਲਏ। ਕੁਝ ਗਰਮ ਖ਼ਿਆਲ ਦੇ ਸਨ, ਜਿਨ੍ਹਾਂ ਨੇ ਕਿਹਾ, ਪ੍ਰਧਾਨ ਜੀ ਇਹ ਸਾਡੀ ਫੁੱਟ ਪਾ ਕੇ ਐਜੀਟੇਸ਼ਨ ਫੇਲ੍ਹ ਕਰਨਾ ਚਾਹੁੰਦੇ ਨੇ। ਕੁਝ ਸਹਿਮਤ ਸਨ ਕਿ ਸਾਡੇ ਸੌ ਫ਼ੀਸਦੀ ਵਿਦਿਆਰਥੀ ਹੀ ਇਸ ਗੱਲ ਦੇ ਹੱਕ 'ਚ ਹਨ ਤਾਂ ਸਾਨੂੰ ਡਰ ਕਾਹਦਾ। ਡੀ.ਸੀ. ਨੇ ਕਿਹਾ, "ਮੈਂ ਵੀ.ਸੀ. ਦੇ ਅੰਡਰ ਕੰਮ ਨਹੀਂ ਕਰਦਾ, ਤੁਸੀਂ ਯਕੀਨ ਮੰਨੋ। ਬਾਕੀ ਮੰਗਾਂ ਅੱਜ ਹੀ ਪ੍ਰਵਾਨ ਤੇ ਕੈਂਪਸ ਵਾਲੀ ਹਫਤੇ ਤੋਂ ਬਾਅਦ ਪੱਕੀ ਪ੍ਰਵਾਨ।" ਮੈਂ ਹਲਕੇ ਮਿਜ਼ਾਜ 'ਚ ਡੀ.ਸੀ. ਨੂੰ ਨਿਹੋਰਾ ਮਾਰਿਆ ਕਿ ਜਿਹੜਾ ਰੈਫਰੈਂਡਮ ਭਾਰਤ ਸਰਕਾਰ ਪਿਛਲੇ 30 ਸਾਲਾਂ 'ਚ ਕਸ਼ਮੀਰ ਵਿੱਚ ਨਹੀਂ ਕਰਵਾ ਸਕੀ ਉਹ ਤੁਸੀਂ ਸਾਡੇ ਕੈਂਪਸ ਬਾਰੇ ਕਰਵਾਉਣ ਲੱਗੇ ਓ!

"ਅਸੀਂ ਤੁਹਾਡੀ ਗੱਲ 'ਤੇ ਯਕੀਨ ਕਰਦੇ ਆਂ, ਪਰ ਇੱਕ ਗੱਲ ਯਾਦ ਰੱਖਣਾ ਜੀ, ਜੇ ਅਸੀਂ ਰੈਫ਼ਰੈਂਡਮ ਜਿੱਤ ਗਏ ਤੇ ਵੀ.ਸੀ. ਨਾ ਮੰਨਿਆ, ਫੇਰ ਸਾਡੀ ਐਜੀਟੇਸ਼ਨ ਤੁਹਾਡੇ ਖ਼ਿਲਾਫ਼ ਹੋਵੇਗੀ, ਕਿਤੇ ਇਹ ਨਾ ਹੋਵੇ ਤੁਸੀਂ ਵੀ.ਸੀ. ਦੀ ਬਲਾ ਆਪਣੇ ਗਲ ਪਾ ਲਵੋ।" ਅਖੀਰ ਬਾਕੀ ਮੰਗਾਂ ਪ੍ਰਵਾਨ ਕਰਕੇ ਹਫਤੇ ਦੀ ਰੈਫ਼ਰੈਂਡਮ ਦੀ ਤਰੀਖ ਮਿਥ ਕੇ ਐਜੀਟੇਸ਼ਨ ਹਫਤੇ ਲਈ ਮੁਲਤਵੀ ਕਰ ਦਿੱਤੀ। ਸ. ਮਨਜੀਤ ਸਿੰਘ ਮਾਂਗਟ ਤੇ ਦਵਿੰਦਰ ਸ਼ੋਰੀ ਜੋ ਵੀ.ਸੀ. ਦੇ ਗੇਟ 'ਤੇ ਭੁੱਖ ਹੜਤਾਲ 'ਤੇ ਬੈਠੇ ਸੀ। ਮੇਰੇ ਵੱਲੋਂ ਜੂਸ ਦੇ ਗਲਾਸ ਪਿਆ ਕੇ ਹੜਤਾਲ ਖ਼ਤਮ ਕਰਵਾਈ ਗਈ।

ਪੂਰੇ ਇੱਕ ਹਫਤੇ ਬਾਅਦ ਸਾਡੇ ਭੁਪਿੰਦਰਾ ਰੋਡ ਵਾਲੇ ਕੈਂਪਸ ਵਿੱਚ ਰੈਫ਼ਰੈਂਡਮ ਰੱਖਿਆ ਗਿਆ, ਜਿਸ ਵਿੱਚ ਸਿਰਫ ਇਹ ਟਿੱਕ ਮਾਰਕ ਕਰਨਾ ਸੀ ਕਿ ਤੁਸੀਂ ਮੌਜੂਦਾ ਕੈਂਪਸ ਵਿੱਚ ਪੜ੍ਹਨਾ ਚਾਹੁੰਦੇ ਹੋ ਜਾਂ ਯੂਨੀਵਰਸਿਟੀ ਦੇ ਨਵੇਂ ਕੈਂਪਸ ਵਿੱਚ। ਵੋਟਾਂ ਪੈ ਗਈਆਂ, ਯੂਨੀਵਰਸਿਟੀ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ। ਸਾਡੇ ਕੁੱਲ ਵਿਦਿਆਰਥੀ 600 ਸਨ ਜਿਨ੍ਹਾਂ ਵਿਚੋਂ 594 ਨੇ ਨਵੇਂ ਕੈਂਪਸ ਵਿੱਚ ਜਾਣ ਲਈ ਤੇ ਸਿਰਫ 6 ਨੇ ਪੁਰਾਣੇ 'ਚ ਰਹਿਣ ਲਈ ਕਿਹਾ ਸੀ। ਰਿਜ਼ਲਟ ਭੇਜ ਦਿੱਤਾ। ਅਗਲੇ ਦਿਨ ਸਾਡੀ ਆਖਰੀ ਮੰਗ ਵੀ ਮੰਨੀ ਗਈ।

ਅਸੀਂ ਸਾਰੇ ਵਿਦਿਆਰਥੀ ਤੇ ਹੈੱਡ ਸਮੇਤ ਸਟਾਫ ਜਿੱਤ ਦਾ ਜਸ਼ਨ ਮਨਾ ਰਹੇ ਸੀ। ਕਈ ਵਿਦਿਆਰਥੀ ਤੇ ਪ੍ਰੋਫੈਸਰ ਬੋਲੇ। ਜਦੋਂ ਅਖੀਰ ਵਿੱਚ ਹੈੱਡ ਸਾਹਿਬ ਨੇ ਕਿਹਾ ਕਿ ਉਸ ਨੂੰ ਬਹੁਤ ਖ਼ੁਸ਼ੀ ਐ ਕਿ ਸਾਰੇ ਮੁੰਡੇ ਅਨੁਸ਼ਾਸਨ ਤਰਕ ਦਲੀਲ ਏਕੇ ਵਿੱਚ ਰਹਿ ਕੇ ਇਹ ਘੋਲ ਜਿੱਤਿਆ। ਉਹਨਾਂ ਨੇ ਇਹ ਵੀ ਕਿਹਾ ਕਿ ਥੋਨੂੰ ਸਾਰਿਆਂ ਨੂੰ ਹੈਰਾਨੀ ਹੋਵੇਗੀ ਕਿ ਸਾਡੀਆਂ ਮੰਗਾਂ ਤਾਂ ਕੇਵਲ ਪੰਜ ਸਨ ਪਰ ਛੇ ਪ੍ਰਵਾਨ ਹੋ ਗਈਆਂ। ਅਸੀਂ ਸਾਰੇ ਇਕਦਮ ਹੈਰਾਨ ਹੋ ਗਏ ਕਿ ਛੇਵੀਂ ਮੰਗ ਕਿਹੜੀ ਸੀ। ਪ੍ਰੋ. ਅਜੀਤ ਸਿੰਘ ਆਹਲੂਵਾਲੀਆ ਹੈੱਡ ਸਾਹਿਬ ਇੱਕ ਮਿੰਟ ਨਾਟਕੀ ਢੰਗ ਨਾਲ਼ ਚੁੱਪ ਵੱਟ ਕੇ ਸਾਡੇ ਸੁਆਲ ਦੇ ਜਵਾਬ 'ਚ ਬੋਲੇ, "ਐਜੀਟੇਸ਼ਨ ਤੋਂ ਪਹਿਲਾਂ ਸਾਡੇ ਪ੍ਰਧਾਨ ਜੀ ਭਾਸ਼ਣ ਕਰਦੇ ਸ਼ਰਮਾਉਂਦੇ ਤੇ ਹਿਚਕਚਾਉਂਦੇ ਸੀ, ਹੁਣ ਘੰਟਿਆਂ ਬੱਧੀ ਬਿਨਾਂ ਪੜ੍ਹੇ ਬਿਨਾਂ ਰੁਕੇ ਵਧੀਆ ਤਕਰੀਰ ਕਰਨ ਸਿੱਖ ਗਏ। ਇਹ ਛੇਵੀਂ ਮੰਗ ਸਾਡੀ ਐਜੀਟੇਸ਼ਨ 'ਚੋਂ ਪ੍ਰਵਾਨ ਹੋਈ ਐ। ਅਸੀਂ ਸਾਰੇ ਹੱਸ ਪਏ। ਮੈਂ ਕਿਹਾ, "ਸਰ ਮਾਫ ਕਰਨਾ ਜੀ, ਪੰਜਾਬੀ ਦੀ ਇੱਕ ਕਹਾਵਤ ਐ, 'ਜੱਟ ਜਾਂ ਦਾਰੂ ਪੀ ਕੇ ਜਾਂ ਗੁੱਸੇ 'ਚ ਆ ਕੇ ਭਾਸ਼ਣ ਕਰਦੈ'! ਸਾਨੂੰ ਪ੍ਰਸ਼ਾਸਨ ਨੇ ਗੁੱਸਾ ਦਿਵਾਇਆ ਜੋਸ਼ ਦਿਵਾਇਆ ਜਿਸ ਕਰਕੇ ਅਸੀਂ ਇਹ ਕਲਾ ਵੀ ਸਿੱਖ ਗਏ। ਸਾਨੂੰ ਫ਼ੈਕਲਟੀ ਦੀ ਬਹੁਤ ਸਿਆਣੀ ਅਤੇ ਯੋਗ ਅਗਵਾਈ ਸੀ। ਸਾਡੇ ਛੁਪੇ ਹੋਏ ਗਾਈਡ ਸਾਡੇ ਮਿੱਤਰ ਟੀਚਰ ਪ੍ਰੋ. ਮਰਹੂਮ ਜੀ.ਐਸ. ਬਾਜਵਾ ਦੀ ਸਮੇਂ-ਸਮੇਂ ਸਿਰ ਯੋਗ ਅਗਵਾਈ ਤੇ ਨੇਕ ਸਲਾਹ ਮਿਲਦੀ ਰਹਿੰਦੀ ਸੀ। ਸੱਚ ਕਿਹਾ;

'ਸ਼ਾਹ ਬਿਨਾਂ ਪੱਤ ਨਹੀਂ ਗੁਰੂ ਬਿਨਾਂ ਗੱਤ ਨਹੀ।'

◆◆◆